ਸ਼ੁੱਕਰਵਾਰ, 7 ਜੂਨ, 2024
25 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 6

ਨਵਾਂ ਜ਼ਮਾਨਾ

DAILY NAWAN ZAMANA • FRIDAY, 7 JUNE, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਸ਼ੇਅਰ ਮਾਰਕਿਟ ਦੇ ਸਭ ਤੋਂ ਵੱਡੇ ਸਕੈਂਡਲ 'ਚ ਮੋਦੀ ਤੇ ਸ਼ਾਹ ਸ਼ਾਮਲ : ਰਾਹੁਲ



ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਵੀਰਵਾਰ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਸ਼ੇਅਰ ਮਾਰਕਿਟ ਦੇ ਸਭ ਤੋਂ ਵੱਡੇ ਸਕੈਂਡਲ ਵਿਚ ਸਿੱਧੇ ਤੌਰ 'ਤੇ ਸ਼ਾਮਲ ਹਨ, ਜਿਸ ਕਾਰਨ ਪ੍ਰਚੂਨ ਨਿਵੇਸ਼ਕਾਂ ਦੀ 30 ਲੱਖ ਕਰੋੜ ਰੁਪਏ ਡੁੱਬ ਗਏ। ਇਸਦੀ ਸਾਂਝੀ ਸੰਸਦੀ ਕਮੇਟੀ ਤੋਂ ਜਾਂਚ ਕਰਾਈ ਜਾਣੀ ਚਾਹੀਦੀ ਹੈ।

ਰਾਹੁਲ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਫਰਜ਼ੀ ਐਗਜ਼ਿਟ ਪੋਲਾਂ ਨਾਲ ਸ਼ੇਅਰ ਮਾਰਕਿਟ ਇਕਦਮ ਚੜ੍ਹੀ ਤੇ ਚਾਰ ਜੂਨ ਨੂੰ ਨਤੀਜੇ ਨਿਕਲਣ ਦੌਰਾਨ ਮੂਧੇ ਮੂੰਹ ਡਿੱਗੀ। ਉਨ੍ਹਾ ਕਿਹਾ ਕਿ ਪਹਿਲੀ ਵਾਰ ਦੇਖਿਆ ਗਿਆ ਕਿ ਚੋਣਾਂ ਦੌਰਾਨ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਟਾਕ ਮਾਰਕਿਟ ਬਾਰੇ ਟਿੱਪਣੀਆਂ ਕੀਤੀਆਂ। ਰਾਹੁਲ ਨੇ ਪੁੱਛਿਆ ਕਿ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੇ ਲੋਕਾਂ ਨੂੰ ਨਿਵੇਸ਼ ਕਰਨ ਦੀ ਸਲਾਹ ਕਿਉਂ ਦਿੱਤੀ? ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਆਗੂਆਂ ਨੂੰ ਪਤਾ ਸੀ ਕਿ ਐਗਜ਼ਿਟ ਪੋਲ ਗਲਤ ਹਨ। ਐਗਜ਼ਿਟ ਪੋਲ ਕਰਨ ਵਾਲਿਆਂ ਦੀ ਵੀ ਜਾਂਚ ਹੋਣੀ ਚਾਹੀਦੀ ਹੈ।

ਕੰਗਣਾ ਨੂੰ ਪਏ ਥੱਪੜ ਨੇ ਪਾਇਆ ਪੁਆੜਾ

ਚੰਡੀਗੜ੍ਹ : ਹਿਮਾਚਲ ਦੇ ਮੰਡੀ ਹਲਕੇ ਤੋਂ ਲੋਕ ਸਭਾ ਲਈ ਚੁਣੀ ਗਈ ਅਦਾਕਾਰਾ ਕੰਗਣਾ ਰਣੌਤ ਦੇ ਚੰਡੀਗੜ੍ਹ ਏਅਰਪੋਰਟ ਤੋਂ ਦਿੱਲੀ ਦਾ ਜਹਾਜ਼ ਫੜਨ ਵੇਲੇ ਥੱਪੜ ਕਾਂਡ ਵਾਪਰ ਗਿਆ। ਕੰਗਣਾ ਨੇ ਘਟਨਾ ਦੀ ਵੀਡੀਓ ਜਾਰੀ ਕਰਦਿਆਂ ਕਿਹਾ—ਨਮਸਤੇ ਦੋਸਤੋ। ਮੈਨੂੰ ਮੀਡੀਆ ਤੇ ਸ਼ੁਭਚਿੰਤਕਾਂ ਤੋਂ ਫੋਨ ਆ ਰਹੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਸਲਾਮਤ ਹਾਂ। ਚੰਡੀਗੜ੍ਹ ਏਅਰਪੋਰਟ 'ਤੇ ਸਕਿਉਰਟੀ ਚੈਕ ਵੇਲੇ ਘਟਨਾ ਵਾਪਰੀ। ਸਕਿਉਰਟੀ ਚੈਕ ਤੋਂ ਬਾਅਦ ਮੈਂ ਸੀ ਆਈ ਐੱਸ ਐੱਫ ਦੀ ਜਵਾਨ ਕੋਲੋਂ ਲੰਘ ਰਹੀ ਸੀ ਤਾਂ ਉਸ ਨੇ ਮੇਰੇ ਥੱਪੜ ਮਾਰ ਦਿੱਤਾ। ਗਾਲਾਂ ਵੀ ਕੱਢੀਆਂ। ਜਦੋਂ ਮੈਂ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਕਿਸਾਨ ਪ੍ਰੋਟੈੱਸਟ ਦੀ ਹਮਾਇਤਣ ਹੈ।

ਕੰਗਣਾ ਨੇ ਆਪਣਾ ਪੱਖ ਦੱਸਣ ਦੇ ਨਾਲ ਹੀ ਇਹ ਵੀ ਕਿਹਾ—ਮੈਂ ਸਲਾਮਤ ਹਾਂ ਪਰ ਮੇਰੀ ਚਿੰਤਾ ਇਹ ਹੈ ਕਿ ਤੁਸੀਂ ਪੰਜਾਬ ਵਿਚ ਵਧ ਰਹੇ ਦਹਿਸ਼ਤਵਾਦ ਤੇ ਅੱਤਵਾਦ ਨਾਲ ਕਿਵੇਂ ਨਜਿੱਠੋਗੇ?

ਇਸ ਤੋਂ ਪਹਿਲਾਂ ਖਬਰ ਆਈ ਸੀ ਕਿ ਕੰਗਣਾ ਨੇ ਸਕਿਉਰਟੀ ਚੈਕ ਲਈ ਫੋਨ ਟਰੇਅ ਵਿਚ ਰੱਖਣ ਦੀ ਥਾਂ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਨੂੰ ਪਰ੍ਹੇ ਧੱਕਿਆ ਤੇ ਉਸ ਨੇ ਜਵਾਬ ਵਿਚ ਥੱਪੜ ਮਾਰ ਦਿੱਤਾ।

ਏਅਰਪੋਰਟ ਦੇ ਅਧਿਕਾਰੀਆਂ ਮੁਤਾਬਕ ਮਹਿਲਾ ਜਵਾਨ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਉਸ ਖਿਲਾਫ ਐੱਫ ਆਈ ਆਰ ਦਰਜ ਕਰਾ ਦਿੱਤੀ ਗਈ ਹੈ। ਇਸੇ ਦੌਰਾਨ ਕੌਮੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਮਹਿਲਾ ਕਾਂਸਟੇਬਲ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

ਸਾਹਮਣੇ ਆਈ ਇਕ ਹੋਰ ਵੀਡੀਓ ਵਿਚ ਕੁਲਵਿੰਦਰ ਕੌਰ ਇਹ ਕਹਿੰਦੀ ਸੁਣੀ ਜਾ ਰਹੀ ਹੈ ਕਿ ਉਸ ਦੀ ਮਾਂ ਉਸ ਕਿਸਾਨ ਪ੍ਰੋਟੈੱਸਟ ਵਿਚ ਸ਼ਾਮਲ ਸੀ, ਜਿਸ ਬਾਰੇ ਕੰਗਣਾ ਨੇ ਕਿਹਾ ਸੀ ਕਿ ਅਜਿਹੀਆਂ ਮਹਿਲਾਵਾਂ ਸੌ-ਸੌ ਰੁਪਏ ਲੈ ਕੇ ਧਰਨੇ ਵਿਚ ਆ ਰਹੀਆਂ ਹਨ।

2600 ਬਾਵਰਚੀ ਤੇ ਵਾਟਰ ਕੈਰੀਅਰਜ਼ ਬਣਾਏ ਹੌਲਦਾਰ

ਨਵੀਂ ਦਿੱਲੀ : ਦੇਸ਼ ਦੇ ਸਭ ਤੋਂ ਵੱਡੇ ਨੀਮ ਫੌਜੀ ਬਲ ਸੀ ਆਰ ਪੀ ਐੱਫ ਦੇ 85 ਸਾਲਾਂ ਦੇ ਇਤਿਹਾਸ 'ਚ ਪਹਿਲੀ ਵਾਰ 2,600 ਬਾਵਰਚੀਆਂ ਅਤੇ ਵਾਟਰ ਕੈਰੀਅਰਜ਼ ਨੂੰ ਤਰੱਕੀ ਦਿੱਤੀ ਗਈ ਹੈ। ਸੀ ਆਰ ਪੀ ਐੱਫ ਦੀ ਸਥਾਪਨਾ 1939 'ਚ ਕੀਤੀ ਗਈ ਸੀ ਅਤੇ ਇਸ 'ਚ ਇਨ੍ਹਾਂ ਦੋ ਵਿਸ਼ੇਸ਼ ਸ਼੍ਰੇਣੀਆਂ ਦੇ 12,250 ਕਰਮਚਾਰੀ ਹਨ, ਜੋ ਫੋਰਸ ਦੇ ਲੱਗਭੱਗ 3.25 ਲੱਖ ਪੁਰਸ਼ ਅਤੇ ਮਹਿਲਾ ਕਰਮਚਾਰੀਆਂ ਲਈ ਰਸੋਈਆਂ, ਕੰਟੀਨਾਂ ਅਤੇ ਹੋਰ ਪ੍ਰਸ਼ਾਸਕੀ ਕਾਰਜਾਂ ਦੇ ਵਿਸ਼ਾਲ ਨੈੱਟਵਰਕ ਨੂੰ ਸੰਭਾਲਦੇ ਹਨ। ਹੁਕਮਾਂ ਰਾਹੀਂ 1700 ਬਾਵਰਚੀਆਂ ਅਤੇ 900 ਵਾਟਰ ਕੈਰੀਅਰਜ਼ ਨੂੰ ਉਨ੍ਹਾਂ ਦੇ ਕਾਂਸਟੇਬਲ ਦੇ ਅਹੁਦਿਆਂ ਤੋਂ ਤਰੱਕੀ ਦੇ ਕੇ ਹੈੱਡ ਕਾਂਸਟੇਬਲ ਬਣਾਇਆ ਗਿਆ ਹੈ।

ਕਾਰਤੀ ਚਿਦੰਬਰਮ ਨੂੰ ਰਾਹਤ

ਨਵੀਂ ਦਿੱਲੀ : ਇੱਥੋਂ ਦੀ ਅਦਾਲਤ ਨੇ ਕਥਿਤ ਚੀਨੀ ਵੀਜ਼ਾ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਕਾਂਗਰਸ ਨੇਤਾ ਕਾਰਤੀ ਚਿਦੰਬਰਮ ਨੂੰ ਜ਼ਮਾਨਤ ਦੇ ਦਿੱਤੀ ਹੈ। ਕਾਰਤੀ ਚਿਦੰਬਰਮ ਸੰਮਨ ਜਾਰੀ ਹੋਣ ਬਾਅਦ ਅਦਾਲਤ 'ਚ ਪੇਸ਼ ਹੋਇਆ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਉਸ ਨੂੰ ਰਾਹਤ ਦਿੰਦਿਆਂ 1 ਲੱਖ ਰੁਪਏ ਦੇ ਨਿੱਜੀ ਮੁਚਲਕੇ ਅਤੇ ਇੰਨੀ ਹੀ ਰਕਮ ਦੀ ਜ਼ਮਾਨਤ 'ਤੇ ਜ਼ਮਾਨਤ ਦੇ ਦਿੱਤੀ। ਈ ਡੀ ਨੇ 2011 'ਚ 263 ਚੀਨੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਨ ਨਾਲ ਸੰਬੰਧਤ ਕਥਿਤ ਘਪਲੇ 'ਚ ਕਾਰਤੀ ਚਿਦੰਬਰਮ ਖਿਲਾਫ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ। ਉਸ ਸਮੇਂ ਉਸ ਦਾ ਪਿਤਾ ਪੀ ਚਿਦੰਬਰਮ ਕੇਂਦਰੀ ਗ੍ਰਹਿ ਮੰਤਰੀ ਸੀ।

ਵਿਦਿਆਰਥਣ ਵੱਲੋਂ ਖੁਦਕੁਸ਼ੀ

ਕੋਟਾ (ਰਾਜਸਥਾਨ) : ਕੌਮੀ ਯੋਗਤਾ-ਕਮ-ਦਾਖਲਾ ਟੈਸਟ-ਯੂ ਜੀ (ਐੱਨ ਈ ਈ ਟੀ-ਯੂ ਜੀ) ਦੇ ਨਤੀਜੇ ਐਲਾਨੇ ਜਾਣ ਤੋਂ ਇਕ ਦਿਨ ਬਾਅਦ ਕੋਟਾ ਵਿਚ 18 ਸਾਲਾ ਕੁੜੀ ਨੇ ਕਥਿਤ ਤੌਰ 'ਤੇ ਇਮਾਰਤ ਦੀ ਨੌਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਮੱਧ ਪ੍ਰਦੇਸ਼ ਦੇ ਗੀਵਾ ਜ਼ਿਲ੍ਹੇ ਦੀ ਬਗੀਸਾ ਤਿਵਾੜੀ ਇਸੇ ਇਮਾਰਤ ਦੀ ਪੰਜਵੀਂ ਮੰਜ਼ਿਲ 'ਤੇ ਆਪਣੀ ਮਾਂ ਅਤੇ ਭਰਾ ਨਾਲ ਰਹਿੰਦੀ ਸੀ। ਉਹ ਕੋਟਾ ਦੀ ਕੋਚਿੰਗ ਸੰਸਥਾ 'ਚ ਨੀਟ-ਯੂ ਜੀ ਦੀ ਤਿਆਰੀ ਕਰ ਰਹੀ ਸੀ।

ਤਿਹਾੜ ਜੇਲ੍ਹ 'ਚ ਲੜਾਈ

ਨਵੀਂ ਦਿੱਲੀ : ਤਿਹਾੜ ਜੇਲ੍ਹ 'ਚ ਵਿਰੋਧੀ ਗਰੋਹਾਂ ਦੇ ਮੈਂਬਰਾਂ ਵਿਚਾਲੇ ਲੜਾਈ ਵਿਚ ਇਕ ਜ਼ੇਰੇ ਸਮਾਇਤ ਹਵਾਲਾਤੀ ਚਾਕੂ ਲੱਗਣ ਕਾਰਨ ਜ਼ਖਮੀ ਹੋ ਗਿਆ। ਹਿਤੇਸ਼ ਨੂੰ ਦੀਨ ਦਿਆਲ ਉਪਾਧਿਆਏ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਗੋਗੀ ਗੈਂਗ ਦੇ ਮੈਂਬਰ ਹਿਤੇਸ਼ ਅਤੇ ਟਿੱਲੂ ਤਾਜਪੁਰੀਆ ਗੈਂਗ ਦੇ ਦੋ ਹੋਰ ਮੈਂਬਰਾਂ ਵਿਚਾਲੇ ਜੇਲ੍ਹ ਅੰਦਰ ਲੜਾਈ ਹੋਈ।

ਲਾਡੀ ਸ਼ੇਰੋਵਾਲੀਆ ਦੇ ਭਤੀਜੇ ਦੀ ਕੈਨੇਡਾ 'ਚ ਮੌਤ

ਜਲੰਧਰ (ਬਲਵਿੰਦਰ ਕੁਮਾਰ)-ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਭਤੀਜੇ ਤੇ ਸੀਨੀਅਰ ਕਾਂਗਰਸੀ ਆਗੂ ਅਜਮੇਰ ਸਿੰਘ ਖਹਿਰਾ ਦੇ ਪੁੱਤਰ ਜਸਮੇਰ ਸਿੰਘ (36) ਦੀ ਕੈਨੇਡਾ 'ਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਪਰਵਾਰਕ ਮੈਂਬਰ ਤੇ ਕਾਂਗਰਸੀ ਆਗੂ ਅਸਵਿੰਦਰ ਪਾਲ ਸਿੰਘ ਨੀਟੂ ਨੇ ਦੱਸਿਆ ਕਿ ਜਸਮੇਰ ਸਿੰਘ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

...ਫਿਰ ਸ਼ਾਇਦ ਕਹਾਣੀ ਕੁਝ ਹੋਰ ਬਣਦੀ

ਲਖਨਊ : ਯੂ ਪੀ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ 2014 ਵਾਂਗ ਕੋਈ ਵੀ ਸੀਟ ਨਹੀਂ ਮਿਲੀ ਤੇ ਯੂ ਪੀ 'ਚ ਉਸ ਦਾ ਵੋਟ ਸ਼ੇਅਰ ਵੀ 2014 ਦੇ 19.77 ਫੀਸਦੀ ਤੋਂ ਘਟ ਕੇ 10 ਫੀਸਦੀ ਤੋਂ ਵੀ ਥੱਲੇ ਆ ਗਿਆ, ਪਰ ਉਸ ਦੇ ਕਾਰਨ ਭਾਜਪਾ ਨੂੰ ਬਹੁਤ ਫਾਇਦਾ ਹੋਇਆ। ਜੇ ਬਸਪਾ ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦਾ ਹਿੱਸਾ ਬਣਦੀ ਤਾਂ ਭਾਜਪਾ ਦੇ 16 ਉਮੀਦਵਾਰ ਸ਼ਾਇਦ ਨਾ ਜਿੱਤਦੇ। ਇਨ੍ਹਾਂ 16 ਸੀਟਾਂ—ਅਕਬਰਪੁਰ, ਅਲੀਗੜ੍ਹ, ਅਮਰੋਹਾ, ਬਾਂਸਗਾਓਂ, ਭਦੋਹੀ, ਬਿਜਨੌਰ, ਦਿਓਰੀਆ, ਫਰੂਖਾਬਾਦ, ਫਤਿਹਪੁਰ ਸੀਕਰੀ, ਹਰਦੋਈ, ਮੇਰਠ, ਮਿਰਜ਼ਾਪੁਰ, ਮਿਸਰਿਖ, ਫੂਲਪੁਰ, ਸ਼ਾਹਜਹਾਂਪੁਰ ਤੇ ਉਨਾਓ ਵਿੱਚੋਂ 14 ਸੀਟਾਂ ਭਾਜਪਾ ਤੇ ਦੋ ਇਸ ਦੇ ਇਤਿਹਾਦੀਆਂ ਰਾਸ਼ਟਰੀ ਲੋਕ ਦਲ ਤੇ ਅਪਨਾ ਦਲ (ਸੋਨੇਵਾਲ) ਦੇ ਝੋਲੀ ਪਈਆਂ। ਇਨ੍ਹਾਂ ਉਮੀਦਵਾਰਾਂ ਦੀ ਜਿੱਤ ਦਾ ਫਰਕ ਬਸਪਾ ਉਮੀਦਵਾਰਾਂ ਨੂੰ ਮਿਲੀਆਂ ਵੋਟਾਂ ਨਾਲੋਂ ਘੱਟ ਰਿਹਾ। ਜੇ ਇਹ ਸੀਟਾਂ 'ਇੰਡੀਆ' ਨੂੰ ਮਿਲ ਜਾਂਦੀਆਂ ਤਾਂ ਕਹਾਣੀ ਹੋਰ ਬਣ ਜਾਣੀ ਸੀ।

ਐੱਨ ਡੀ ਏ ਦੀਆਂ ਸੀਟਾਂ ਘਟ ਕੇ 278 'ਤੇ ਆ ਜਾਣੀਆਂ ਸਨ ਤੇ ਭਾਜਪਾ ਦੀਆਂ 226 ਰਹਿ ਜਾਣੀਆਂ ਸਨ। ਬਸਪਾ ਦੇ ਇੰਡੀਆ ਨਾਲ ਨਾ ਰਲਣ ਕਰਕੇ ਭਾਜਪਾ ਨੇ ਯੂ ਪੀ ਤੋਂ 33 ਸੀਟਾਂ ਜਿੱਤੀਆਂ ਤੇ ਇਹ ਘਟ ਕੇ 19 'ਤੇ ਆ ਸਕਦੀਆਂ ਸਨ। 2019 ਵਿਚ ਭਾਜਪਾ ਨੇ 62 ਸੀਟਾਂ ਜਿੱਤੀਆਂ ਸਨ।

ਅਕਾਲੀ ਦਲ 'ਇੰਡੀਆ' ਦਾ ਹਿੱਸਾ ਨਹੀਂ ਬਣੇਗਾ : ਨਰੇਸ਼ ਗੁਜਰਾਲ

ਨਵੀਂ ਦਿੱਲੀ : ਲੋਕ ਸਭਾ ਚੋਣਾਂ ਵਿਚ ਇਕ ਸੀਟ ਜਿੱਤਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਦੀ ਅਗਵਾਈ ਵਾਲੇ ਵਿਰੋਧੀ ਗਠਜੋੜ ਇੰਡੀਆ ਨੂੰ ਸਮਰਥਨ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਉਹ ਅਜਿਹੇ ਕਿਸੇ ਗੱਠਜੋੜ ਦਾ ਹਿੱਸਾ ਨਹੀਂ ਬਣੇਗਾ, ਜਿਸ ਵਿੱਚ ਕਾਂਗਰਸ ਹੋਵੇ। ਅਕਾਲੀ ਦਲ ਦੇ ਨੇਤਾ ਨਰੇਸ਼ ਗੁਜਰਾਲ ਨੇ ਵੀਰਵਾਰ ਕਿਹਾ-ਅਸੀਂ ਕਦੇ ਵੀ ਕਿਸੇ ਅਜਿਹੇ ਸਮੂਹ ਜਾਂ ਗਠਜੋੜ ਦਾ ਹਿੱਸਾ ਨਹੀਂ ਬਣ ਸਕਦੇ, ਜਿਸ 'ਚ ਕਾਂਗਰਸ ਦੀ ਸ਼ਮੂਲੀਅਤ ਹੋਵੇ। ਅਪਰੇਸ਼ਨ ਬਲੂ ਸਟਾਰ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮੱਦੇਨਜ਼ਰ ਇਹ ਦਲ ਦਾ ਸਿਧਾਂਤਕ ਫੈਸਲਾ ਹੈ। ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਨੂੰ ਸਮਰਥਨ ਦੇਣ ਬਾਰੇ ਗੁਜਰਾਲ ਨੇ ਕਿਹਾ-ਇਸ ਲਈ ਭਾਜਪਾ ਨੂੰ ਪਹਿਲਾ ਕਦਮ ਚੁੱਕਣਾ ਪਵੇਗਾ। ਜੇ ਸਾਨੂੰ ਭਾਜਪਾ ਵੱਲੋਂ ਕੋਈ ਸੱਦਾ ਆਉਂਦਾ ਹੈ ਤਾਂ ਸਾਡੀ ਕੋਰ ਕਮੇਟੀ ਫੈਸਲਾ ਕਰੇਗੀ ਪਰ ਇੰਡੀਆ ਗੱਠਜੋੜ ਨੂੰ ਸਮਰਥਨ ਦਾ ਸਵਾਲ ਹੀ ਨਹੀਂ।

ਪਾਣੀ 'ਤੇ ਰਾਜਨੀਤੀ ਨਾ ਹੋਵੇ : ਸੁਪਰੀਮ ਕੋਰਟ

ਨਵੀਂ ਦਿੱਲੀ : ਕੌਮੀ ਰਾਜਧਾਨੀ 'ਚ ਪਾਣੀ ਦੇ ਸੰਕਟ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਵੀਰਵਾਰ ਹਿਮਾਚਲ ਪ੍ਰਦੇਸ਼ ਨੂੰ 137 ਕਿਊਸਿਕ ਵਾਧੂ ਪਾਣੀ ਛੱਡਣ ਦੇ ਨਿਰਦੇਸ਼ ਦਿੱਤੇ। ਜਸਟਿਸ ਪੀ ਕੇ ਮਿਸ਼ਰਾ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਕਿਹਾ ਕਿ ਹਿਮਾਚਲ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਉਹ ਆਪਣੇ ਕੋਲ ਮੌਜੂਦ ਵਾਧੂ ਪਾਣੀ ਛੱਡਣ ਲਈ ਤਿਆਰ ਹੈ। ਬੈਂਚ ਨੇ ਨਿਰਦੇਸ਼ ਦਿੱਤੇ ਕਿ ਹਰਿਆਣਾ ਨੂੰ ਹਿਮਾਚਲ ਵੱਲੋਂ ਛੱਡੇ ਵਾਧੂ ਪਾਣੀ ਦੇ ਵਹਾਅ ਨੂੰ ਸੁਚਾਰੂ ਬਣਾਉਣ 'ਚ ਮਦਦ ਕਰਨੀ ਚਾਹੀਦੀ ਹੈ, ਤਾਂ ਜੋ ਇਹ ਪਾਣੀ ਕੌਮੀ ਰਾਜਧਾਨੀ ਤੱਕ ਪਹੁੰਚ ਸਕੇ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਦਿੱਲੀ ਸਰਕਾਰ ਪਾਣੀ ਦੀ ਬਰਬਾਦੀ ਨਾ ਕਰੇ। ਬੈਂਚ ਨੇ ਹਿਮਾਚਲ ਨੂੰ 7 ਜੂਨ ਤੋਂ ਵਾਧੂ ਪਾਣੀ ਛੱਡਣ ਦੇ ਨਿਰਦੇਸ਼ ਦਿੱਤੇ ਹਨ ਅਤੇ ਇਸ ਬਾਰੇ ਪਹਿਲਾਂ ਹਰਿਆਣਾ ਨੂੰ ਸੂਚਿਤ ਕਰਨਾ ਹੋਵੇਗਾ। ਸੁਣਵਾਈ ਦੌਰਾਨ ਬੈਂਚ ਨੇ ਕਿਹਾ ਕਿ ਪਾਣੀ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ।

ਸਿੱਖਾਂ ਨੂੰ ਇਕਜੁੱਟ ਹੋਣ ਦੇ ਸੱਦੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਜੂਨ 1984 ਦੇ ਬਲੂ ਸਟਾਰ ਅਪ੍ਰੇਸ਼ਨ ਦੀ 40ਵੀਂ ਯਾਦ ਵੀਰਵਾਰ ਇਥੇ ਅਕਾਲ ਤਖਤ ਵਿਖੇ ਖਾਲਿਸਤਾਨ ਪੱਖੀ ਨਾਅਰਿਆਂ ਨਾਲ ਮਨਾਈ ਗਈ, ਪਰ ਸ਼ਰਧਾਂਜਲੀ ਸਮਾਗਮ ਸ਼ਾਂਤਮਈ ਢੰਗ ਨਾਲ ਸਮਾਪਤ ਹੋਇਆ। ਦਲ ਖਾਲਸਾ ਵੱਲੋਂ ਅੰਮ੍ਰਿਤਸਰ ਬੰਦ ਦੇ ਦਿੱਤੇ ਸੱਦੇ ਕਾਰਨ ਸ਼ਹਿਰ ਲਗਭਗ ਮੁਕੰਮਲ ਬੰਦ ਰਿਹਾ। ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਸਮੁੱਚੀ ਸਿੱਖ ਕੌਮ ਨੂੰ ਇੱਕਜੁੱਟ ਹੋਣ ਤੇ ਕੌਮੀ ਮਸਲਿਆਂ ਦੇ ਹੱਲ ਮਿਲ-ਬੈਠ ਕੇ ਕਰਨ ਲਈ ਕਿਹਾ। ਸਮਾਗਮ ਮਗਰੋਂ ਅਕਾਲ ਤਖਤ ਦੇ ਨੇੜੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੀ ਸੰਬੋਧਨ ਕੀਤਾ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਵੀ ਸੰਦੇਸ਼ ਜਾਰੀ ਕਰਕੇ ਸਮੁੱਚੀ ਕੌਮ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ।

ਸਮਾਗਮ ਦੌਰਾਨ ਫਰੀਦਕੋਟ ਤੋਂ ਨਵੇਂ ਚੁਣੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖਾਲਸਾ ਤੇ ਖਡੂਰ ਸਾਹਿਬ ਤੋਂ ਚੁਣੇ ਗਏ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਵੀ ਮੌਜੂਦ ਸਨ।

ਸਾਰੇ 9 ਟਰੈਕਰਾਂ ਦੀਆਂ ਲਾਸ਼ਾਂ ਬਰਾਮਦ

ਬਚਾਏ ਗਏ ਟਰੈਕਰਾਂ ਨੂੰ ਏਅਰ ਫੋਰਸ ਦੇ ਜਵਾਨਾਂ ਨੇ ਦੇਹਰਾਦੂਨ ਲਿਆਂਦਾ।

ਨਵੀਂ ਦਿੱਲੀ : ਏਅਰ ਫੋਰਸ ਦੇ ਜਵਾਨਾਂ ਨੇ ਉੱਤਰ

7-JUNE-PAGE-1.qxd 6/6/2024 10:36 PM Page 2

ਅੰਤਰਰਾਸ਼ਟਰੀ ਵਾਤਾਵਰਣ ਦਿਵਸ ਮਨਾਇਆ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਹੈਲਿਕਸ ਸਕੂਲ ਪਾਤੜਾਂ ਵਿਖੇ ਵਿਸ਼ਵ ਵਾਤਾਵਰਣ ਦਿਵਸ ਵਿਦਿਆਰਥੀਆਂ 'ਚ ਜਾਗਰੂਕਤਾ ਪੈਦਾ ਕਰਨ, ਵਾਤਾਵਰਣ ਪ੍ਰਤੀ ਸਕਾਰਾਤਮਕ ਕਦਮ ਚੁੱਕਣ, ਕੁਦਰਤ ਅਤੇ ਗ੍ਰਹਿ ਧਰਤੀ ਦੀ ਰੱਖਿਆ ਕਰਨ ਲਈ ਮਨਾਇਆ ਗਿਆ। ਪ੍ਰਿੰਸੀਪਲ ਮੈਡਮ ਅਮਰਜੋਤ ਕੌਰ ਹਰੀਕਾ ਨੇ ਬੱਚਿਆਂ ਨੂੰ ਵਾਤਾਵਰਣ ਅਨੁਕੂਲ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਸੰਦੇਸ਼ ਦਿੱਤਾ। ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਸਕੂਲ ਵਿੱਚ ਵੱਖ-ਵੱਖ ਬੂਟੇ ਲਾਏ।ਡਾਇਰੈਕਟਰ ਮੈਡਮ ਦਵਿੰਦਰ ਕੌਰ ਨੇ ਬੱਚਿਆਂ ਨੂੰ ਵਾਤਾਵਰਣ 'ਤੇ ਪਲਾਸਟਿਕ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਇਆ ਅਤੇ ਵਾਤਾਵਰਣ ਅਨੁਕੂਲ ਸਮੱਗਰੀ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਐੱਮ ਡੀ ਮੈਡਮ ਮੰਨਤ ਕੌਰ ਹਰੀਕਾ ਤੇ ਸਮੂਹ ਸਕੂਲ ਸਟਾਫ਼ ਮੌਜੂਦ ਸੀ।

ਪੰਜਾਬ ਨੂੰ ਸਾਫ-ਸੁਥਰਾ ਤੇ ਹਰਿਆ-ਭਰਿਆ ਰੱਖਣ ਲਈ ਪੌਦੇ ਲਾਉਣੇ ਜ਼ਰੂਰੀ : ਐੱਸ ਐੱਸ ਪੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਗੌਰਵ ਯਾਦਵ ਡੀ ਜੀ ਪੀ ਵੱਲੋਂ ਸੂਬੇ ਨੂੰ ਹਰਿਆ-ਭਰਿਆ ਰੱਖਣ ਲਈ ਚਲਾਈ ਗਈ ਮੁਹਿਮ ਤਹਿਤ ਆਲੇ-ਦੁਆਲੇ ਦੀ ਖੂਬਸੂਰਤੀ ਤੇ ਪ੍ਰਦੂਸ਼ਣ ਮੁਕਤ ਤੇ ਛਾਂਦਾਰ ਮਾਹੌਲ ਪ੍ਰਦਾਨ ਕਰਨ ਦੇ ਮਕਸਦ ਨਾਲ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਵੱਲੋਂ ਆਪਣੇ ਦਫ਼ਤਰ ਵਿਖੇ ਆਪਣੇ ਹੱਥੀ ਬੂਟੇ ਲਾ ਕੇ ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਾਉਣ ਦੀ ਅਪੀਲ ਕੀਤੀ ਗਈ।ਇਸ ਮੌਕੇ ਕਵਲਪ੍ਰੀਤ ਸਿੰਘ ਚਾਹਲ ਐਸ.ਪੀ (ਐੱਚ) ਸ੍ਰੀ ਮੁਕਤਸਰ ਸਾਹਿਬ ਤੇ ਦਫਤਰ ਸਟਾਫ ਹਾਜ਼ਰ ਸੀ। ਐਸ.ਐਸ.ਪੀ ਜੀ ਨੇ ਦੱਸਿਆਂ ਕਿ ਜ਼ਿਲ੍ਹਾ ਪੁਲਿਸ ਵੱਲੋਂ 500 ਦੇ ਕਰੀਬ ਪੌਦੇ ਲਾਉਣ ਦਾ ਟੀਚਾ ਰੱਖਿਆ ਗਿਆ ਹੈ, ਜੋ ਕਿ ਇਹ ਵੱਖ-ਵੱਖ ਦਫ਼ਤਰਾਂ, ਥਾਣੇ, ਚੌਕੀਆਂ ਤੇ ਪੁਲਸ ਲਾਈਨ ਵਿਖੇ ਲਾਏ ਜਾਣਗੇ, ਇਹ ਬੂਟੇ ਛਾਂਦਾਰ ਤੇ ਉੱਚ ਕੁਆਲਟੀ ਤੇ ਗੁਣਾਂ ਨਾਲ ਭਰਪੂਰ ਹਨ ਤੇ ਛਾਂ ਦੇ ਨਾਲ-ਨਾਲ ਇਨ੍ਹਾਂ ਨੂੰ ਫ਼ਲ ਵੀ ਲੱਗਣਗੇ।ਉਨ੍ਹਾਂ ਪੁਲਸ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਬੂਟਿਆਂ ਦੀ ਸਾਂਭ ਸੰਭਾਲ ਤੇ ਸਿੰਚਾਈ ਦੀ ਜ਼ਿੰਮੇਵਾਰੀ ਨੂੰ ਲਗਾਤਾਰ ਨਿਭਾਇਆ ਜਾਵੇ ਤਾਂ ਜੁ ਇਹ ਫ਼ਲਦਾਰ ਬੂਟੇ ਵੱਡੇ ਹੋ ਕੇ ਜਿੱਥੇ ਵਾਤਾਵਰਣ ਦੀ ਸ਼ੁੱਧਤਾ ਵਿੱਚ ਆਪਣਾ ਯੋਗਦਾਨ ਪਾਉਣਗੇ ਤੇ ਇਲਾਕੇ ਦੇ ਲੋਕਾਂ ਲਈ ਛਾਂ ਦੇ ਨਾਲ-ਨਾਲ ਭਰਪੂਰ ਮਾਤਰਾ ਵਿੱਚ ਫ਼ਲ ਵੀ ਉਪਲਬਧ ਕਰਨਗੇ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਆਪਾਂ ਸਾਰਿਆਂ ਨੂੰ ਲੋੜ ਹੈ ਕਿ ਇਕੱਠੇ ਹੋ ਕੇ ਆਪਣਾ ਯੋਗਦਾਨ ਪਾ ਕੇ ਪੰਜਾਬ ਨੂੰ ਹਰਿਆ ਭਰਿਆ ਬਣਾਈਏ। ਪੁਲਸ ਵੱਲੋਂ ਇਹ ਮੁਹਿਮ ਅੱਗੇ ਵੀ ਜਾਰੀ ਰਹੇਗੀ।

ਸਾਇਕਲ ਰੈਲੀ ਕੱਢ ਕੇ ਵਾਤਾਵਰਨ ਪ੍ਰਤੀ ਕੀਤਾ ਜਾਗਰੂਕ

ਲੁਧਿਆਣਾ (ਐੱਮ ਐੱਸ ਭਾਟੀਆ)-ਵਿਸ਼ਵ ਵਾਤਾਵਰਣ ਦਿਵਸ ਮੌਕੇ ਪੁਨਰਜੋਤ ਆਈ ਬੈਂਕ ਅਤੇ 19 ਪੰਜਾਬ ਬਟਾਲੀਅਨ ਐਨ.ਸੀ.ਸੀ. ਗਰੁੱਪ ਦੇ ਬੱਚਿਆਂ ਵਲੋਂ ਸਾਇਕਲ ਰੈਲੀ ਕੱਢ ਕੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕੀਤਾ ਗਿਆ।ਇਹ ਰੈਲੀ 19 ਪੰਜਾਬ ਬਟਾਲੀਅਨ ਦੇ ਆਫਿਸ ਬੈਕਸਾਇਡ ਇਨਡੋਰ ਸਟੇਡੀਅਮ, ਪੰਜਾਬ ਮਾਤਾ ਨਗਰ ਤੋਂ ਸਵੇਰੇ 6 ਵਜੇ ਸ਼ੁਰੂ ਕੀਤੀ ਗਈ।ਸਭ ਤੋਂ ਪਹਿਲਾਂ ਡਾ. ਰਮੇਸ਼ ਮਨਸੂਰਾਂ ਅੱਖਾਂ ਦਾ ਹਸਪਤਾਲ, ਪੱਖੋਵਾਲ ਰੋਡ ਪਿੰਡ ਮਨਸੂਰਾਂ ਵਿਖੇ ਸਮੂਹ ਨਗਰ ਪੰਚਾਇਤ ਪਿੰਡ ਮਨਸੂਰਾਂ ਵੱਲੋਂ ਰੈਲੀ ਦਾ ਸਵਾਗਤ ਕੀਤਾ ਗਿਆ, ਉਸ ਤੋਂ ਬਾਅਦ ਪਿੰਡ ਰਤਨਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸਮੂਹ ਸਕੂਲ ਸਟਾਫ ਤੇ ਨਗਰ ਪੰਚਾਇਤ ਵਲੋਂ ਰੈਲੀ ਦਾ ਭਰਵਾਂ ਸਵਾਗਤ ਕੀਤਾ ਗਿਆ।ਐਨ.ਸੀ.ਸੀ. ਗਰੁੱਪ ਦੇ ਬੱਚਿਆਂ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਰਤਨ ਵਿਖੇ ਨਸ਼ਿਆਂ ਦੇ ਵੱਧ ਰਹੇ ਰੁਝਾਨ ਤੇ ਇਕ ਨਾਟਕ ਪੇਸ਼ ਕੀਤਾ ਗਿਆ, ਜਿਸਦੇ ਮਾਧਿਅਮ ਰਾਹੀਂ ਬੱਚਿਆਂ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਇਕ ਬਹੁਤ ਵਧੀਆ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ।ਇਸ ਤੋਂ ਉਪਰੰਤ ਸਾਇਕਲ ਰੈਲੀ ਪਿੰਡਾਂ ਵਿਚ ਲੋਕਾਂ ਨੂੰ ਜਾਗਰੂਕ ਕਰਦੀ ਹੋਈ ਪਿੰਡ ਦਾਖਾ ਦੀ ਮੇਨ ਪਾਰਕ ਵਿਖੇ ਪਹੁੰਚੀ, ਜਿਥੇ ਨਗਰ ਨਿਵਾਸੀ ਤੇ ਪਾਰਕ ਦੀ ਪ੍ਰਬੰਧਕ ਟੀਮ ਨੇ ਰੈਲੀ ਦਾ ਭਰਵਾਂ ਸਵਾਗਤ ਕੀਤਾ। ਐਨ.ਸੀ.ਸੀ. ਗਰੁੱਪ ਦੇ ਬੱਚਿਆਂ ਵਲੋਂ ਵਾਤਾਵਰਣ ਨੂੰ ਬਚਾਉਣ ਲਈ ਇਕ ਨਾਟਕ ਪੇਸ਼ ਕੀਤਾ ਗਿਆ ਤੇ ਅੰਗਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਗਿਆ।ਗਰੀਨ ਮਿਸ਼ਨ ਪੰਜਾਬ ਦੇ ਮੈਂਬਰ ਸਤਪਾਲ ਸਿੰਘ ਦੇਹੜਕਾ ਵਲੋਂ ਵਾਤਾਵਰਨ ਨੂੰ ਬਚਾਉਣ ਲਈ ਇਕ ਮੋਟੀਵੇਸ਼ਨਲ ਸਪੀਚ ਦਿੱਤੀ ਗਈ। ਉਹਨਾਂ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪਾਰਕ 'ਚ 19 ਪੰਜਾਬ ਬਟਾਲੀਅਨ ਤੇ ਐਨ.ਸੀ.ਸੀ. ਗਰੁੱਪ ਦੇ ਬੱਚਿਆਂ ਵੱਲੋਂ ਪੌਦੇ ਵੀ ਲਾਏ ਗਏ।

ਦਫ਼ਤਰ ਸਿਵਲ ਸਰਜਨ 'ਚ ਪੌਦੇ ਲਾ ਕੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਵਿਸ਼ਵ ਵਾਤਾਵਰਣ ਦਿਵਸ ਮੌਕੇ ਡਾ. ਨਵਜੋਤ ਕੌਰ ਸਿਵਲ ਸਰਜਨ ਨੇ ਆਪਣੇ ਹੱਥਾਂ ਨਾਲ ਦਫ਼ਤਰ ਸਿਵਲ ਸਰਜਨ ਵਿਖੇ ਰੁੱਖ ਲਾ ਕੇ ਵੱਧ ਤੋਂ ਵੱਧ ਰੁੱਖ ਲਾਉਣ ਦਾ ਸੁਨੇਹਾ ਦਿੱਤਾ।ਉਨ੍ਹਾਂ ਕਿਹਾ ਕਿ ਹਰ ਸਾਲ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਇਹ ਦਿਨ ਮਨਾਉਣ ਦਾ ਮੁੱਖ ਮਕਸਦ ਆਪਣੇ ਵਾਤਾਵਰਣ ਦੀ ਸੰਭਾਲ ਕਰਨ ਤੇ ਵੱਧ ਤੋਂ ਵੱਧ ਪੌਦੇ ਲਾ ਕੇ ਵਾਤਾਵਰਣ ਨੂੰ ਹਰਾ-ਭਰਾ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰਨਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਸੀਂ ਪ੍ਰਦੂਸ਼ਣ ਨੂੰ ਘਟਾ ਕੇ ਨਵੇਂ ਉਪਾਵਾਂ ਨੂੰ ਅਪਣਾ ਕੇ ਅਸੀਂ ਵਾਤਾਵਰਣ ਪ੍ਰਣਾਲੀ ਨੂੰ ਬਹਾਲ ਕਰਨ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਾਂ।ਸਾਨੂੰ ਆਲੇ ਦੁਆਲੇ ਵਿੱਚ ਵੱਧ ਤੋਂ ਵੱਧ ਰੁੱਖ ਲਗਾ ਕੇ, ਆਪਣੇ ਆਲੇ ਦੁਆਲੇ ਨੂੰ ਸਾਫ਼ ਸੁਥਰਾ ਰੱਖ ਕੇ, ਪਾਣੀ ਦੀ ਦੁਰਵਰਤੋਂ ਘੱਟ ਕਰਕੇ, ਊਰਜਾ ਕੁਸ਼ਲ ਉਪਕਰਣਾਂ ਦੀ ਵਰਤੋਂ ਕਰਕੇ ਆਪਣੇ ਨਿੱਜੀ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਨਾ ਕਰਕੇ ਜਨਤਕ ਆਵਾਜਾਈ ਦੀ ਵਰਤੋਂ ਕਰਕੇ, ਅਸੀਂ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਫਿਰ ਤੋਂ ਤਾਜ਼ਾ ਕਰ ਸਕਦੇ ਹਾਂ।ਇਸ ਮੌਕੇ ਡਾ. ਪ੍ਰਭਜੀਤ ਸਿੰਘ ਸਹਾਇਕ ਸਿਵਲ ਸਰਜਨ ਨੇ ਕਿਹਾ ਕਿ ਪਲਾਸਟਿਕ ਮਿੰਟਾਂ ਲਈ ਲਾਭਦਾਇਕ ਤੇ ਦਹਾਕਿਆਂ ਲਈ ਨੁਕਸਾਨਦੇਹ ਹੈ।ਸਾਡੀ ਧਰਤੀ ਸਾਡੀ ਜ਼ਿੰਮੇਵਾਰੀ ਹੈ ਇਸ ਲਈ ਸਾਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।ਇਸ ਤੋਂ ਇਲਾਵਾ ਸਾਨੂੰ ਨਿੱਜੀ ਵਾਹਨਾਂ ਦੀ ਵਰਤੋਂ ਘਟਾ ਕੇ ਪਬਲਿਕ ਟਰਾਂਸਪੋਰਟ ਦੀ ਵਰਤੋਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਵੱਖ-ਵੱਖ ਸੂਬਿਆਂ 'ਚ ਭੇਜਣ ਲਈ ਗਾਵਾਂ ਦਾ ਮੀਟ ਬਰਾਮਦ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਬੀਤੀ ਰਾਤ ਸ਼ਿਵ ਸੈਨਾ ਹਿੰਦ ਦੇ ਉਪ ਪ੍ਰਧਾਨ ਅਨੁਜ ਗੁਪਤਾ ਤੇ ਸ਼ਿਵ ਸੈਨਾ ਹਿੰਦ ਦੇ ਰਾਸ਼ਟਰੀ ਪ੍ਰਚਾਰਕ ਕਸ਼ਮੀਰ ਗਰੀ ਵੱਲੋਂ ਖੰਨਾ ਪੁਲਸ ਨੂੰ ਇੱਕ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ, ਜਿਸ ਵਿੱਚ ਉਨ੍ਹਾਂ ਲਿਖਿਆ ਸੀ ਕਿ ਪਿੰਡ ਮੋਹਨਪੁਰ ਨੇੜੇ (ਦੇਹਿੜੂ) ਥਾਣਾ ਸਦਰ ਖੰਨਾ ਵਿਖੇ ਪੰਚਾਇਤੀ ਜ਼ਮੀਨ ਜਿੱਥੇ ਬੀ ਐਸ ਐਨ ਐਲ ਦਾ ਟਾਵਰ ਲੱਗਿਆ ਹੋਇਆ ਹੈ, ਉਸ ਥਾਂ 'ਤੇ ਗਾਵਾਂ ਨੂੰ ਕਤਲ ਕਰਕੇ ਮੀਟ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਭੇਜਿਆ ਜਾਂਦਾ ਹੈ।ਇਸ ਕੰਮ ਨੂੰ ਅੰਜਾਮ ਵਾਲੇ ਗਰੁੱਪ ਦੇ ਮੁੱਖ ਸਰਗਨੇ ਦਾ ਨਾਂ ਮੁਹੰਮਦ ਮੀਰ ਹੈ। ਐਸ ਐਸ ਪੀ ਖੰਨਾ ਅਮਨੀਤ ਕੌਂਡਲ ਦੇ ਹੁਕਮਾਂ ਅਨੁਸਾਰ ਐਸ ਪੀ (ਡੀ) ਸੌਰਵ ਜਿੰਦਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀ ਐਸ ਪੀ ਖੰਨਾ ਹਰਜਿੰਦਰ ਸਿੰਘ ਗਿੱਲ ਦੀ ਅਗਵਾਈ ਵਿੱਚ ਐਸ ਐਚ ਓ ਥਾਣਾ ਸਦਰ ਖੰਨਾ ਇੰਸਪੈਕਟਰ ਹਰਦੀਪ ਸਿੰਘ ਦੀ ਪੁਲਸ ਪਾਰਟੀ ਵੱਲੋਂ ਮੌਕੇ 'ਤੇ ਰੇਡ ਕੀਤਾ ਗਿਆ। ਘਟਨਾ ਸਥਾਨ 'ਤੇ ਪੁਲਸ ਪਾਰਟੀ ਪਹੁੰਚਣ ਤੋਂ ਪਹਿਲਾਂ ਹੀ ਅੱਠ ਤੋਂ 10 ਵਿਅਕਤੀ ਮੌਕੇ ਤੋਂ ਫਰਾਰ ਹੋ ਚੁੱਕੇ ਸਨ।ਘਟਨਾ ਵਾਲੇ ਸਥਾਨ ਤੋਂ ਦੋ ਬਲੈਰੋ ਗੱਡੀਆਂ ਨੰਬਰ ਡੀ ਐਲ 01 ਐਲ ਜੇ 6116 ਅਤੇ ਦੂਜੀ ਗੱਡੀ ਪੀ ਬੀ 10 ਈ ਐਚ 5768 ਵਿੱਚੋਂ 10 ਮ੍ਰਿਤਕ ਗਾਵਾਂ ਦੇ ਸਰੀਰ ਬਰਾਮਦ ਕਰੇ ਕੀਤੇ ਗਏ। ਬੀਤੀ ਦੇਰ ਰਾਤ ਘਟਨਾ ਸਥਾਨ 'ਤੇ ਐਸ ਪੀ (ਡੀ) ਸੌਰਵ ਜਿੰਦਰ, ਡੀ ਐਸ ਪੀ ਖੰਨਾ ਹਰਜਿੰਦਰ ਸਿੰਘ ਗਿੱਲ ਤੇ ਹੋਰ ਪੁਲਸ ਪਾਰਟੀਆਂ ਮੌਕੇ 'ਤੇ ਪਹੁੰਚ ਗਈਆਂ। ਮ੍ਰਿਤਕ ਗਾਵਾਂ ਦੇ ਸਰੀਰ ਨੂੰ ਸੁਰੱਖਿਅਤ ਥਾਂ 'ਤੇ ਰੀਤੀ ਰਿਵਾਜਾਂ ਅਨੁਸਾਰ ਦਫਨਾਇਆ ਗਿਆ। ਇਸ ਮੌਕੇ ਸ਼ਿਵ ਸੈਨਾ ਹਿੰਦੂ ਦੇ ਉਪ ਪ੍ਰਧਾਨ ਅਨੁਜ ਗੁਪਤਾ ਨੇ ਕਿਹਾ ਅਜਿਹੀਆਂ ਘਟਨਾਵਾਂ ਖੰਨੇ ਦੇ ਇਲਾਕੇ ਵਿੱਚ ਹੀ ਕਿਉਂ ਵਾਪਰ ਰਹੀਆਂ ਹਨ, ਇਸ ਦੀ ਵੱਡੇ ਪੱਧਰ 'ਤੇ ਜਾਂਚ ਹੋਣੀ ਚਾਹੀਦੀ ਹੈ। ਇਸ ਸਬੰਧੀ ਐਸ ਐਚ ਓ ਸਦਰ ਇੰਸਪੈਕਟਰ ਹਰਦੀਪ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਬੀਤੀ ਰਾਤ 10 ਮ੍ਰਿਤਕ ਗਾਂਵਾਂ ਦੇ ਸਰੀਰ ਦੋ ਬਲੈਰੋ ਗੱਡੀਆਂ ਵਿੱਚੋਂ ਬਰਾਮਦ ਹੋਏ ਸਨ। ਉਹਨਾਂ ਮਿਤ੍ਰਕ ਸਰੀਰਾਂ ਨੂੰ ਸੁਰੱਖਿਆ ਥਾਵਾਂ ਤੇ ਰੀਤੀ ਰਿਵਾਜਾਂ ਅਨੁਸਾਰ ਦਫਨਾਇਆ ਗਿਆ।ਦੋਸ਼ੀ ਜਲਦੀ ਹੀ ਗ੍ਰਿਫਤਾਰ ਕੀਤੇ ਜਾਣਗੇ।

ਡਿੱਗਿਆ ਮੋਬਾਇਲ ਵਾਪਸ ਕਰ ਦਿਖਾਈ ਇਮਾਨਦਾਰੀ

ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਕੁਮਾਰ ਬਾਂਸਲ)-ਪਿਛਲੇ ਦਿਨੀਂ ਸੁਨਾਮ ਨੇੜਲੇ ਪਿੰਡ ਭਰੂਰ ਦੇ ਇੱਕ ਵਿਅਕਤੀ ਦਾ ਲਖਮੀਰਵਾਲਾ ਰੋਡ ਉੱਪਰ ਰੇਲਵੇ ਫਾਟਕ ਨੇੜੇ ਮੋਬਾਇਲ ਡਿੱਗ ਗਿਆ, ਉਸ ਵਿਅਕਤੀ ਨੂੰ ਕੁਝ ਵੀ ਨਹੀਂ ਸੀ ਪਤਾ ਕਿ ਮੇਰਾ ਮੋਬਾਇਲ ਕਿੱਥੇ ਡਿੱਗਿਆ ਹੈ। ਉਸੇ ਰਸਤੇ ਇਮਾਨਦਾਰ ਇਨਸਾਨ ਗੁਰੂ ਖਾਲਸਾ ਸ਼ਿਆਮ ਸਿੰਘ ਸੁਨਾਮ ਆਪਣੇ ਕੰਮ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਇਹ ਮੋਬਾਇਲ ਮਿਲਿਆ, ਜਦ ਉਕਤ ਵਿਅਕਤੀਆਂ ਨੇ ਆਪਣੇ ਫੋਨ ਉੱਪਰ ਗੱਲ ਕਰਕੇ ਕਿਹਾ ਕਿ ਇਹ ਮੋਬਾਈਲ ਸਾਡਾ ਹੈ ਤਾਂ ਸ਼ਿਆਮ ਸਿੰਘ ਨੇ ਕਿਹਾ ਕਿ ਆਪਣਾ ਮੋਬਾਇਲ ਤੁਸੀਂ ਵਾਪਸ ਲੈ ਜਾਵੋ ਤੁਹਾਡਾ ਮੋਬਾਈਲ ਮੇਰੇ ਪਾਸ ਹੈ। ਮੈਨੂੰ ਡਿੱਗਿਆ ਮਿਲਿਆ ਸੀ ਤੇ ਤੁਹਾਡਾ ਫੋਨ ਸੁਰੱਖਿਅਤ ਹੈ। ਵਿਅਕਤੀਆਂ ਨੇ ਸ਼ਿਆਮ ਸਿੰਘ ਜੀ ਦਾ ਧੰਨਵਾਦ ਕੀਤਾ ਤੇ ਆਪਣਾ ਫੋਨ ਵਾਪਸ ਲੈ ਗਏ।

ਵਿਸ਼ਵ ਵਾਤਾਵਰਣ ਦਿਵਸ ਮੌਕੇ ਜਾਗਰੂਕਤਾ ਸਾਈਕਲ ਰੈਲੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਸ਼ਵ ਵਾਤਾਵਰਣ ਦਿਵਸ ਮੌਕੇ ਵਾਤਾਵਰਣ ਦੇ ਵਧਦੇ ਪ੍ਰਦੂਸ਼ਣ ਅਤੇ ਸਤਲੁਜ ਦਰਿਆ ਦੇ ਪ੍ਰਦੂਸ਼ਤ ਪਾਣੀ ਕਾਰਨ ਹੋ ਰਹੀਆਂ ਲਾਇਲਾਜ ਬਿਮਾਰੀਆਂ ਪ੍ਰਤੀ ਜਾਗਰੂਕ ਪੈਦਾ ਕਰਨ ਦੇ ਉਦੇਸ਼ ਨਾਲ ਸਮਾਜ ਸੇਵੀ ਸੰਸਥਾ ਐਗਰੀਡ ਫਾਊਂਡੇਸ਼ਨ (ਰਜਿ) ਫਿਰੋਜ਼ਪੁਰ ਤੇ ਹਰਿਆਵਲ ਪੰਜਾਬ, ਇਕਾਈ ਫ਼ਿਰੋਜ਼ਪੁਰ ਵੱਲੋਂ ਹੁਸੈਨੀਵਾਲਾ ਰਾਈਡਰਜ ਫ਼ਿਰੋਜ਼ਪੁਰ ਦੇ ਸਹਿਯੋਗ ਨਾਲ 'ਸਤਲੁਜ ਬਚਾਓ-ਵਾਤਾਵਰਨ ਬਚਾਓ' ਦਾ ਸੰਦੇਸ਼ ਦਿੰਦੀ ਜਾਗਰੂਕਤਾ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ।ਸਾਈਕਲਾਂ ਅੱਗੇ ਵਾਤਾਵਰਣ ਜਾਗਰੂਕਤਾ ਪੈਦਾ ਕਰਦੇ ਸਲੋਗਨ ਲਿਖੇ ਰੰਗ-ਬਿਰੰਗੇ ਚਾਰਟ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ।ਹਰਿਆਵਲ ਪੰਜਾਬ ਦੇ ਆਗੂ ਅਸ਼ੋਕ ਬਹਿਲ ਸਕੱਤਰ ਰੈੱਡ ਕਰਾਸ ਸੁਸਾਇਟੀ ਅਤੇ ਹੁਸੈਨੀ ਵਾਲਾ ਰਾਈਡਰਜ ਦੇ ਸੋਹਣ ਸਿੰਘ ਸੋਢੀ ਨੇ ਦੱਸਿਆ ਕਿ ਵਾਤਾਵਰਣ ਦਾ ਵਧਦਾ ਪ੍ਰਦੂਸ਼ਣ ਚਿੰਤਾ ਦਾ ਵਿਸ਼ਾ ਹੈ।ਧਰਤੀ ਨੂੰ ਹਰਿਆ-ਭਰਿਆ ਬਣਾਉਣ ਲਈ ਆਉਣ ਵਾਲੇ ਬਰਸਾਤ ਦੇ ਮੌਸਮ ਵਿੱਚ ਵੱਧ ਤੋਂ ਵੱਧ ਦਰਖਤ ਲਾਉਣ ਤੇ ਉਨ੍ਹਾਂ ਦੀ ਸੰਭਾਲ ਕਰਨ ਦੀ ਜ਼ਰੂਰਤ ਹੈ।ਇਸ ਪ੍ਰਤੀ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਗੁਰਦੁਆਰਾ ਸਾਰਾਗੜੀ ਸਾਹਿਬ ਤੋਂ ਚੱਲ ਕੇ ਸਤਲੁੱਜ ਦਰਿਆ ਹੁਸੈਨੀ ਵਾਲਾ ਤੱਕ ਵਾਤਾਵਰਨ ਪ੍ਰੇਮੀਆਂ ਨੇ ਸਾਈਕਲ ਰੈਲੀ ਦਾ ਆਯੋਜਨ ਕੀਤਾ ਹੈ।ਉਨ੍ਹਾਂ ਨੇ ਲੋਕਾਂ ਨੂੰ ਵਾਤਾਵਰਨ ਸੰਭਾਲ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ।ਐਗਰੀਡ ਫਾਊਂਡੇਸ਼ਨ ਦੇ ਪ੍ਰਧਾਨ ਡਾ. ਸਤਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਦਾ ਸਭ ਤੋਂ ਵੱਡਾ ਸਤਲੁਜ ਦਰਿਆ ਕਿਸੇ ਸਮੇਂ ਫ਼ਿਰੋਜ਼ਪੁਰ ਇਲਾਕੇ ਦੇ ਖੇਤੀ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਵਰਦਾਨ ਸੀ, ਪਰ ਮਨੁੱਖੀ ਗ਼ਲਤੀਆਂ ਦੇ ਕਾਰਨ ਇਹ ਹੁਣ ਸਰਾਪ ਬਣ ਚੁੱਕਿਆ ਹੈ।ਇਹ ਦਰਿਆ ਜਦੋਂ ਹੁਸੈਨੀ ਵਾਲਾ ਪਹੁੰਚਦਾ ਹੈ, ਤਾਂ ਇਹ ਸੇਮ ਨਾਲੇ ਦਾ ਰੂਪ ਧਾਰਨ ਕਰ ਜਾਂਦਾ

7-May-PAGE-3.qxd 6/6/2024 11:01 PM Page 1

6 ਫੀਸਦੀ ਡੀ ਏ ਤੋਂ ਵਾਂਝੇ ਅਧਿਆਪਕਾਂ ਨੂੰ ਤੁਰੰਤ ਬਕਾਇਆ ਦਿਵਾਉਣ ਦੀ ਮੰਗ

ਵੇਰਕਾ (ਰਾਣਾ)

ਜ਼ਿਲ੍ਹਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ ਅਧੀਨ ਪੈਂਦੇ 15 ਬਲਾਕ ਸਿੱਖਿਆ ਦਫ਼ਤਰਾਂ ਵਿੱਚੋਂ ਕੁਝ ਇਕ ਨੇ ਆਪਣੇ ਮੌਜੂਦਾ ਅਤੇ ਸੇਵਾਮੁਕਤ ਅਧਿਆਪਕਾਂ ਨੂੰ ਮਿਲਣ ਵਾਲੇ 6 ਫ਼ੀਸਦੀ ਮਹਿੰਗਾਈ ਭੱਤੇ ਦੀ ਅਦਾਇਗੀ ਵਕਤ ਸਿਰ ਨਾ ਕਰਦੇ ਹੋਏ 1 ਸਾਲ ਦਾ ਸਮਾਂ ਲੰਘਣ ਉਪਰੰਤ ਕੀਤੀ ਹੈ ਅਤੇ ਕੁਝ ਬਲਾਕ ਸਿੱਖਿਆ ਅਫ਼ਸਰਾਂ ਦੀ ਘੋਰ ਲਾਪ੍ਰਵਾਹੀ/ਅਣਗਹਿਲੀ ਕਾਰਨ ਅਧਿਆਪਕ ਮਹਿੰਗਾਈ ਭੱਤੇ ਦੀ ਅਦਾਇਗੀ ਲੈਣ ਤੋਂ ਵਾਂਝੇ ਹਨ। ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਜ਼ਿਲ੍ਹਾ ਜਨਰਲ ਸਕੱਤਰ ਕੁਲਜੀਤ ਸਿੰਘ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਲੈਕ: ਮੁਖਤਿਆਰ ਸਿੰਘ ਸਹੋਤਾ, ਪ੍ਰਿੰਸੀਪਲ ਜਗਤਾਰ ਸਿੰਘ ਮਜੀਠਾ, ਸੇਵਾਮੁਕਤ ਬੀ.ਪੀ.ਓ ਦਰਸ਼ਨ ਲਾਲ ਕਲੋਤਰਾ, ਸੀਨੀ: ਮੀਤ ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ ਆਦਿ ਆਗੂਆਂ ਨੇ ਪ੍ਰੈਸ ਦੇ ਨਾਂ ਇੱਕ ਸਾਂਝਾ ਬਿਆਨ ਜਾਰੀ ਕਰਦੇ ਹੋਏ ਉਪਰੋਕਤ ਮਾਮਲੇ ਸੰਬੰਧੀ ਲਾਪ੍ਰਵਾਹੀ ਵਰਤਣ ਵਾਲੇ ਉਨ੍ਹਾਂ ਬਲਾਕ ਸਿੱਖਿਆ ਅਫ਼ਸਰਾਂ ਖਿਲਾਫ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਵੱਲੋਂ ਮੌਜੂਦਾ ਅਤੇ ਸੇਵਾਮੁਕਤ ਅਧਿਆਪਕਾਂ ਦਾ 6 ਫ਼ੀਸਦੀ ਬਕਾਇਆ ਸਮੇਂ ਸਿਰ ਨਹੀਂ ਕਰਵਾਇਆ ਗਿਆ। ਇਸ ਸੰਬੰਧ ਵਿੱਚ ਜਥੇਬੰਦਕ ਆਗੂਆਂ ਨੇ ਦੱਸਿਆ ਕਿ ਵਿੱਤ ਵਿਭਾਗ ਪੰਜਾਬ ਸਰਕਾਰ,ਚੰਡੀਗੜ੍ਹ 24 ਮਈ 2023 ਦੇ ਹੁਕਮ ਅਨੁਸਾਰ 6 ਫ਼ੀਸਦੀ ਮਹਿੰਗਾਈ ਭੱਤੇ ਦੀ ਅਦਾਇਗੀ ਕੀਤੀ ਜਾਣੀ ਸੀ। ਇਸ ਦੌਰਾਨ ਕਈ ਬਲਾਕ ਅਧਿਕਾਰੀਆਂ ਨੇ ਮੁਸਤੈਦੀ ਵਰਤਦੇ ਹੋਏ ਮੌਜੂਦਾ ਅਤੇ ਸੇਵਾਮੁਕਤ ਟੀਚਰਾਂ ਨੂੰ ਬਕਾਏ ਦੀ ਅਦਾਇਗੀ ਵਕਤ ਸਿਰ ਅਦਾ ਕਰਵਾ ਦਿੱਤੀ ਸੀ ਅਤੇ ਕਈਆਂ ਨੇ 1 ਸਾਲ ਸਮਾਂ ਲੰਘਣ ਉਪਰੰਤ ਅਦਾਇਗੀ ਕਰਵਾਈ ਹੈ। ਪ੍ਰੰਤੂ ਜਥੇਬੰਦੀ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਬਲਾਕ ਅਧਿਕਾਰੀ ਨੇ ਉਕਤ 6 ਫੀਸਦੀ ਮਹਿੰਗਾਈ ਭੱਤੇ ਦਾ ਬਕਾਇਆ ਕਢਵਾਉਣ ਲਈ ਅਜੇ ਤੱਕ ਜ਼ਿਲਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ ਪਾਸੋਂ ਲੋੜੀਂਦੇ ਬਜਟ ਦੀ ਡਿਮਾਂਡ ਤੀਕ ਭੇਜਣੀ ਮੁਨਾਸਿਬ ਨਹੀਂ ਸਮਝੀ। ਫਿਰ ਆਪਣੀ ਲਾਪ੍ਰਵਾਹੀ ਦਾ ਸਮੁੱਚਾ ਭਾਂਡਾ ਸੂਬਾ ਸਰਕਾਰ ਸਿਰ ਭੰਨਿਆ ਹੈ ਕਿ ਹਾਲੇ ਸਰਕਾਰ ਵੱਲੋਂ ਬਜਟ ਜਾਰੀ ਨਹੀਂ ਹੋਇਆ। ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਉਪਰੋਕਤ ਜਥੇਬੰਦਕ ਆਗੂਆਂ ਨੇ ਮੁੱਖ ਮੰਤਰੀ ਪੰਜਾਬ, ਸਿੱਖਿਆ ਮੰਤਰੀ ਪੰਜਾਬ ਸਰਕਾਰ , ਸਿੱਖਿਆ ਸਕੱਤਰ ਪੰਜਾਬ ਸਰਕਾਰ, ਮਾਨਯੋਗ ਡੀ.ਪੀ.ਆਈ (ਸੈ:ਸਿੱ:/ਐਲੀ:ਸਿੱ:) ਅਜੀਤਗੜ੍ਹ ਪਾਸੋਂ ਹਾਲੇ ਤੱਕ ਮਿਲਣਯੋਗ 6% ਫੀਸਦੀ ਡੀ.ਏ ਤੋਂ ਵਾਂਝੇ ਅਧਿਆਪਕਾਂ ਨੂੰ ਫੌਰੀ ਬਕਾਇਆ ਦਿਵਾਏ ਜਾਣ ਦੀ ਮੰਗ ਕੀਤੀ ਹੈ।

ਸੁਖਜਿੰਦਰ ਰੰਧਾਵਾ ਦੀ ਸ਼ਾਨਦਾਰ ਜਿੱਤ ਦੀ ਖੁਸ਼ੀ 'ਤੇ ਵਰਕਰਾਂ ਤੇ ਅਹੁਦੇਦਾਰਾਂ ਨੇ ਲੱਡੂ ਵੰਡੇ

ਕਲਾਨੌਰ, (ਮਨਦੀਪ ਕੋਹਲੀ)- ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਜਿਨਾਂ ਨੇ ਲੋਕ ਸਭਾ ਚੋਣਾਂ ਵਿੱਚ 83 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕਰਕੇ ਭਾਜਪਾ ਦੇ ਦਿਨੇਸ਼ ਬੱਬੂ ਨੂੰ ਮਾਤ ਦਿੱਤੀ ਹੈ, ਉਨ੍ਹਾਂ ਦੀ ਜਿੱਤ ਦੀ ਖੁਸ਼ੀ ਵਿੱਚ ਹਲਕਾ ਡੇਰਾ ਬਾਬਾ ਨਾਨਕ ਤੋਂ ਯੂਥ ਪ੍ਰਧਾਨ ਮਨਿੰਦਰ ਸਿੰਘ ਮੰਨੂ ਸਰਜੇਚੱਕ ਦੀ ਅਗਵਾਈ ਵਿੱਚ ਵਰਕਰਾਂ ਅਤੇ ਅਹੁਦੇਦਾਰਾਂ ਵੱਲੋਂ ਲੱਡੂ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਲਕਾ ਯੂਥ ਪ੍ਰਧਾਨ ਮੰਨੂ ਸਰਜੇਚੱਕ, ਮੇਜਰ ਸਿੰਘ, ਪਰਾਜ ਸਿੰਘ ਭੰਗੂ, ਗਗਨਦੀਪ ਸਿੰਘ, ਸਰਬਜੀਤ ਸਿੰਘ, ਕਰਨਬੀਰ ਸਿੰਘ ਅੌਜਲਾ, ਸਿਮਰਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਤੇਜਬੀਰ ਸਿੰਘ, ਡੈਨੀਅਰ ਸਿੱਧੂ, ਜਸਬੀਰ ਸਿੰਘ, ਸੁਰਜੀਤ ਮਸੀਹ ,ਅਜੇ ਮਸੀਹ, ਰਣਜੀਤ ਸਿੰਘ, ਸਰਬਜੀਤ ਸਿੰਘ, ਰਤਿੰਦਰ ਸਿੰਘ, ਰਾਣਾ ਸ਼ਾਹਪੁਰ ਜਾਜਨ, ਵੀਰਪਾਲ ਬਾਲੀ, ਹਰਿਦਰ ਸਿੰਘ, ਵਿਜੇ ਧਿਆਨਪੁਰ, ਚਰਨਜੀਤ ਕੁਮਾਰ, ਇਕਬਾਲ ਸਿੰਘ, ਵਿਕਰਮਜੀਤ, ਮੰਗਾ ਮਸੀਹ, ਅੰਮ੍ਰਿਤ ਪਾਲ ਸਿੰਘ ਆਦਿ ਵੀ ਹਾਜ਼ਰ ਸਨ।

ਕਲਾਨੌਰ ਦੇ ਵਿਦਿਆਰਥੀ ਨੇ ਨੀਟ ਦੀ ਪ੍ਰੀਖਿਆ 'ਚੋਂ ਟਾਪ ਪੁਜ਼ੀਸ਼ਨ ਕੀਤੀ ਹਾਸਲ

ਕਲਾਨੌਰ, (ਮਨਦੀਪ ਕੋਹਲੀ)

ਨੈਸ਼ਨਲ ਇਲੀਜੀਬਿਲਟੀ ਕਮ ਐਂਟਰਸ ਟੈਸਟ ਜਿਸ ਨੂੰ ਨੀਟ ਕਿਹਾ ਜਾਂਦਾ ਹੈ ਇੱਕ ਸਿੰਗਲ-ਪੱਧਰੀ ਰਾਸ਼ਟਰੀ ਪ੍ਰੀਖਿਆ ਹੈ ਜੋ ਮੈਡੀਕਲ ਉਮੀਦਵਾਰਾਂ ਲਈ ਕੀਤੀ ਜਾਂਦੀ ਹੈ ਜਿਸ ਨਾਲ ਉਹ ਦੇਸ਼ ਦੇ ਵੱਖ-ਵੱਖ ਮੈਡੀਕਲ ਸੰਸਥਾਵਾਂ ਵਿੱਚ ਮੈਡੀਕਲ ਕੋਰਸਾਂ ਵਿੱਚ ਦਾਖਲਾ ਲੈਣ ਦੇ ਯੋਗ ਹੁੰਦੇ ਹਨ। ਨੀਟ 2024 ਦੀ ਪ੍ਰੀਖਿਆ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਗੁਰਮਾਨਪ੍ਰੀਤ ਸਿੰਘ ਪੁੱਤ ਸਤਬੀਰ ਸਿੰਘ ਮੱਲ੍ਹੀ ਨੇ 720 ਵਿੱਚੋਂ 715 ਅੰਕ ਪ੍ਰਾਪਤ ਕਰਕੇ ਆਲ ਇੰਡੀਆ ਰੈਂਕਿੰਗ ਵਿੱਚ ਟਾਪ ਪੋਜੀਸ਼ਨ ਹਾਸਲ ਕੀਤੀ ਹੈ। ਇਹ ਪੋਜੀਸ਼ਨ ਹਾਸਲ ਕਰਨ ਕਰਕੇ ਘਰਦਿਆਂ ਵਿੱਚ ਬੇਹੱਦ ਖੁਸ਼ੀ ਪਾਈ ਜਾ ਰਹੀ ਹੈ। ਵਿਦਿਆਰਥੀ ਦੇ ਦਾਦਾ ਪਰਮਜੀਤ ਸਿੰਘ ਮੱਲ੍ਹੀ ਅਤੇ ਦਾਦੀ ਸੁਖਵਿੰਦਰ ਕੌਰ ਵੱਲੋਂ ਬੱਚੇ ਦਾ ਮੂੰਹ ਮਿੱਠਾ ਕਰਵਾ ਕੇ ਉਸ ਨਾਲ ਖੁਸ਼ੀ ਸਾਂਝੀ ਕੀਤੀ ਗਈ। ਵਿਦਿਆਰਥੀ ਦੇ ਪਿਤਾ ਸਤਬੀਰ ਸਿੰਘ ਮੱਲ੍ਹੀ ਅਤੇ ਮਾਤਾ ਰੁਪਿੰਦਰ ਕੌਰ ਮੱਲ੍ਹੀ ਵੱਲੋਂ ਵੀ ਬੱਚੇ ਦਾ ਮੂੰਹ ਮਿੱਠਾ ਕਰਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦੌਰਾਨ ਬੱਚੇ ਦੇ ਗਾਈਡ ਅਧਿਆਪਕ ਸੰਜੀਵ ਤੁਲੀ ਇੰਟਰਨੈਸ਼ਨਲ ਐਵਾਰਡੀ ਵੱਲੋਂ ਵੀ ਬੱਚੇ ਦਾ ਮੂੰਹ ਮਿੱਠਾ ਕਰਵਾ ਕੇ ਖੁਸ਼ੀ ਸਾਂਝੀ ਕੀਤੀ ਗਈ ਅਤੇ ਦੱਸਿਆ ਕਿ ਬੱਚੇ ਨੇ ਆਪਣੇ ਮਾਤਾ -ਪਿਤਾ ਦਾ, ਅਧਿਆਪਕਾਂ ਦਾ, ਸਕੂਲ ਦਾ ਅਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ ਅਤੇ ਇਹ ਬਾਕੀ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣਿਆ ਹੈ ਕਿਉਂਕਿ ਸਾਡਾ ਇਲਾਕਾ ਬਾਰਡਰ ਏਰੀਆ ਹੋਣ

ਕਰਕੇ ਇੱਥੇ ਕਈ ਵਾਰੀ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਮੁਸ਼ਕਲਾਂ ਨੂੰ ਆਪਣੀ ਹਿੰਮਤ ਹੌਸਲੇ ਅਤੇ ਜਜ਼ਬੇ ਦੇ ਨਾਲ ਪਾਰ ਕਰਕੇ ਲਗਾਤਾਰ ਮਿਹਨਤ ਕਰਕੇ ਤੇ ਇਸ ਮੁਕਾਮ 'ਤੇ ਪਹੁੰਚਣਾ ਅਤੇ ਆਲ ਇੰਡੀਆ ਲੈਵਲ 'ਤੇ ਟਾਪ ਕਰਨਾ ਕਾਬਿਲੇ ਤਾਰੀਫ ਹੈ। ਇਸ ਦੌਰਾਨ ਵਿਦਿਆਰਥੀ ਦੇ ਚਾਚਾ ਰਾਜਬੀਰ ਸਿੰਘ ਮੱਲ੍ਹੀ , ਚਾਚੀ ਮਨਦੀਪ ਕੌਰ ਅਤੇ ਹੋਰ ਪਰਵਾਰਕ ਮੈਂਬਰ ਵੀ ਹਾਜ਼ਰ ਸਨ।

ਸੜਕ ਕੰਢੇ ਰੇਹੜੀਆਂ ਲੱਗਣ ਕਾਰਨ ਰਾਹਗੀਰਾਂ ਦਾ ਲੰਘਣਾ ਹੋਇਆ ਔਖਾ

ਗੁਰਦਾਸਪੁਰ (ਜਨਕ ਮਹਾਜਨ)

ਗੁਰਦਾਸਪੁਰ ਸ਼ਹਿਰ ਵਿਖੇ ਕਾਲਜ ਰੋਡ 'ਤੇ ਸੜਕ ਦੇ ਦੋਵੇਂ ਪਾਸੇ ਰੇਹੜੀਆਂ ਲੱਗਣ ਕਾਰਨ ਟਰੈਫਿਕ ਦੀ ਸਮੱਸਿਆ ਹਰ ਵੇਲੇ ਗੰਭੀਰ ਬਣੀ ਰਹਿੰਦੀ ਹੈ। ਇਸ ਪਾਸੇ ਟਰੈਫਿਕ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਨੂੰ ਟਰੈਫਿਕ ਸਮੱਸਿਆ ਨਾਲ ਜੂਝਣਾ ਪੈ ਰਿਹਾ ਹੈ। ਇਸ ਸਬੰਧੀ ਸ਼ਹਿਰ ਵਾਸੀਆਂ ਨੇ ਦੱਸਿਆ ਕਿ ਇਸ ਸੜਕ 'ਤੇ ਕਸਬਾ ਦੋਰਾਂਗਲਾ ਅਤੇ ਬਹਿਰਾਮਪਰ ਨੂੰ ਕਾਫੀ ਮਿੰਨੀ ਬੱਸਾਂ ਅਤੇ ਹੋਰ ਟਰੈਫਿਕ ਦਿਨ-ਰਾਤ ਲੱਗੀ ਰਹਿੰਦੀ ਹੈ। ਸੜਕ ਦੇ ਕਿਨਾਰੇ ਲੱਗੇ ਦੋਵੇਂ ਫਲਾਂ, ਸਬਜ਼ੀਆਂ ਦੀਆਂ ਰੇਹੜੀਆਂ ਖੜ੍ਹੀਆਂ ਰਹਿਣ ਕਾਰਨ ਲੋਕਾਂ ਨੂੰ ਇੱਥੋਂ ਗੁਜ਼ਰਨਾ ਕਾਫੀ ਮੁਸ਼ਕਲ ਹੋ ਜਾਂਦਾ ਹੈ। ਇਨ੍ਹਾਂ ਰੇਹੜੀ ਫੜ੍ਹੀ ਵਾਲਿਆਂ ਨੇ ਸੜਕ ਦਾ ਕਾਫੀ ਹਿੱਸਾ ਘੇਰ ਕੇ ਰੱਖਿਆ ਹੋਇਆ ਹੈ ਅਤੇ ਸਕੂਟਰ, ਕਾਰ ਚਾਲਕਾਂ ਆਦਿ ਨੂੰ ਇੱਥੋਂ ਗੁਜ਼ਰਨ ਵੇਲੇ ਕਾਫੀ ਦਿੱਕਤਾਂ ਪੇਸ਼ ਹੁੰਦੀਆਂ ਹਨ। ਕਈ ਵਾਰ ਇਨ੍ਹਾਂ ਰੇਹੜੀ ਫੜ੍ਹੀ ਵਾਲਿਆਂ ਕਾਰਨ ਜਾਮ ਵੀ ਲੱਗ ਜਾਂਦਾ ਹੈ। ਸੜਕ ਦੀ ਜਗ੍ਹਾ ਘੱਟ ਹੋਣ ਕਾਰਨ ਕਈ ਵਾਰ ਛੋਟੇ ਮੋਟੇ ਹਾਦਸੇ ਵੀ ਹੋ ਜਾਂਦੇ ਹਨ। ਇਸ ਰੋਡ 'ਤੇ ਹੀ ਸਰਕਾਰੀ ਕਾਲਜ ਵੀ ਪੈਂਦਾ ਹੈ ਜਿੱਥੇ ਵੱਡੀ ਗਿਣਤੀ ਵਿੱਚ ਰੋਜ਼ਾਨਾ ਵਿਦਿਆਰਥੀ ਆਉਂਦੇ-ਜਾਂਦੇ ਹਨ ਅਤੇ ਜਦੋਂ ਕਾਲਜ ਵਿੱਚੋਂ ਛੁੱਟੀ ਹੁੰਦੀ ਹੈ ਜਾਂ ਫਿਰ ਕਾਲਜ ਜਾਣ ਦਾ ਸਮਾਂ ਹੁੰਦਾ ਹੈ ਤਾਂ ਉਸ ਵੇਲੇ ਇਸ ਸੜਕ 'ਤੇ ਕਾਫੀ ਰਸ਼ ਰਹਿੰਦਾ ਹੈ। ਰੇਹੜੀਆਂ ਫੜ੍ਹੀਆਂ ਸੜਕ ਦੇ ਕਿਨਾਰਿਆਂ 'ਤੇ ਲੱਗਣ ਕਾਰਨ ਇਥੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਜਦੋਂ ਵੀ ਸਰਕਾਰੀ ਕਾਲਜ ਵਿਚ ਕੋਈ ਸਰਕਾਰੀ ਸਮਾਗਮ ਜਾਂ ਫਿਰ ਕੋਈ ਮੰਤਰੀ ਆਉਣਾ ਹੁੰਦਾ ਹੈ ਤਾਂ ਇਨ੍ਹਾਂ ਰੇਹੜੀ ਫੜ੍ਹੀ ਵਾਲਿਆਂ ਨੂੰ ਇੱਥੋਂ ਪਿੱਛੇ ਹਟਾ ਦਿੱਤਾ ਜਾਂਦਾ ਹੈ ਅਤੇ ਆਰਾਮ ਨਾਲ ਰਾਹਗੀਰ ਇੱਥੋਂ ਦੀ ਆਉਂਦੇ ਜਾਂਦੇ ਹਨ ਪਰ ਫਿਰ ਦੁਬਾਰਾ ਰੇਹੜੀ ਫੜ੍ਹੀ ਵਾਲੇ ਬਿਨਾਂ ਕਿਸੇ ਡਰ ਤੋਂ ਇੱਥੇ ਰੇਹੜੀਆਂ ਖੜ੍ਹੀਆਂ ਕਰ ਲੈਂਦੇ ਹਨ ਅਤੇ ਅਕਸਰ ਹੀ ਜਾਮ ਲੱਗਾ ਨਜ਼ਰ ਆਉਂਦਾ ਹੈ। ਸ਼ਹਿਰ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਟਰੈਫਿਕ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਰੇਹੜੀ ਫੜ੍ਹੀ ਵਾਲਿਆਂ ਨੂੰ ਇਸ ਸੜਕ ਤੋਂ ਹਟਾਇਆ ਜਾਵੇ ਤਾਂ ਜੋ ਸੜਕ ਖੁੱਲ੍ਹੀ ਹੋ ਸਕੇ ਤੇ ਟਰੈਫਿਕ ਸਮੱਸਿਆ ਦਾ ਹੱਲ ਹੋ ਸਕੇ।

ਸੜਕਾਂ 'ਤੇ ਘੁੰਮਦੇ ਪਸ਼ੂਆਂ ਕਾਰਨ ਵਧ ਰਹੇ ਹਨ ਸੜਕੀ ਹਾਦਸੇ : ਸੋਹਲ

ਝਬਾਲ (ਹਰਜਿੰਦਰ ਸਿੰਘ ਸੋਨੀ)-ਕਸਬਾ ਝਬਾਲ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਸੜਕਾਂ ਤੇ ਫਿਰਦੇ ਪਸ਼ੂ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਹਨ, ਜਿਸ ਨੂੰ ਲੈ ਕੇ ਰਾਹਗੀਰ ਕਾਫ਼ੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ।ਇਸ ਸਬੰਧੀ ਗੱਲਬਾਤ ਕਰਦਿਆਂ ਕਾਮਰੇਡ ਦਵਿੰਦਰ ਕੁਮਾਰ ਸੋਹਲ ਅਤੇ ਕਾਮਰੇਡ ਬਲਕਾਰ ਸਿੰਘ ਵਲਟੋਹਾ ਤੇ ਬਾਬਾ ਵਰਿਆਮ ਸਿੰਘ ਝਬਾਲ ਨੇ ਦੱਸਿਆ ਕਿ ਸੜਕਾਂ ਤੇ ਘੁੰਮਦੇ ਪਸ਼ੂਆਂ ਦੇ ਝੁੰਡ ਜਿਥੇ ਫ਼ਸਲਾਂ ਨੂੰ ਖਰਾਬ ਕਰਦੇ ਹਨ। ਉਥੇ ਹੀ ਅਚਾਨਕ ਹੀ ਵਹੀਕਲਾਂ ਅੱਗੇ ਆ ਕੇ ਹਾਦਸਿਆਂ ਦੇ ਕਾਰਨ ਵੀ ਬਣ ਰਹੇ ਹਨ।ਉਨ੍ਹਾਂ ਕਿਹਾ ਕਿ ਗੁੱਜਰਾਂ ਵੱਲੋਂ ਆਪਣੇ ਪਸ਼ੂਆਂ ਨੂੰ ਖੁੱਲ੍ਹੇਆਮ ਸੜਕਾਂ 'ਤੇ ਲਿਜਾਇਆ ਜਾਂਦਾ ਹੈ।ਇਹ ਪਸ਼ੂਆਂ ਦੇ ਝੁੰਡ ਸੜਕ ਕੰਢੇ ਚੁਗਦੇ-ਚੁਗਦੇ ਸਰਕਾਰੀ ਬੂਟਿਆਂ ਦਾ ਭਾਰੀ ਨੁਕਸਾਨ ਕਰਦੇ ਹਨ ਅਤੇ ਅਚਾਨਕ ਸੜਕ ਵਿਚਕਾਰ ਆਉਣ ਕਰਕੇ ਵਹੀਕਲਾਂ ਨਾਲ ਟਕਰਾ ਜਾਂਦੇ ਹਨ, ਜਿਸ ਨਾਲ ਕਈ ਵਾਰ ਵਹੀਕਲ ਚਾਲਕ ਕੀਮਤੀ ਜਾਨਾਂ ਵੀ ਗਵਾ ਲੈਂਦੇ ਹਨ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੜਕ 'ਤੇ ਘੁੰਮਦੇ ਪਸ਼ੂਆਂ 'ਤੇ ਪਾਬੰਦੀ ਲਗਾਈ ਗਈ ਹੈ, ਫਿਰ ਵੀ ਇਹ ਪਸ਼ੂ ਆਮ ਹੀ ਸੜਕ 'ਤੇ ਫਿਰਦੇ ਦੇਖੇ ਜਾ ਸਕਦੇ ਹਨ।ਉਨ੍ਹਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸੜਕ ਤੇ ਫ਼ਿਰਦੇ ਪਸ਼ੂਆਂ ਦੇ ਮਾਲਕਾਂ ਨੂੰ ਸਖ਼ਤ ਹਦਾਇਤਾਂ ਕਰਕੇ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਤਾਂ ਜੋ

ਅਗਾਂਹ ਤੋਂ ਆਵਾਜਾਈ ਵਿੱਚ ਕੋਈ ਵਿਘਨ ਨਾ ਪੈ ਸਕੇ।ਇਸ ਸਬੰਧੀ ਜਦੋਂ ਡੀਐੱਸਪੀ ਸਿਟੀ ਤਰਸੇਮ ਮਸੀਹ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਸ਼ੂਆਂ ਦੇ ਮਾਲਕਾਂ ਨੂੰ ਇੱਕ ਵਾਰ ਚਿਤਾਵਨੀ ਦਿੱਤੀ ਜਾਵੇਗੀ, ਜੇ ਫਿਰ ਵੀ ਨਾ ਹਟੇ ਤਾਂ ਇਨ੍ਹਾਂ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਗੁਰਜੀਤ ਔਜਲਾ ਦੀ ਜਿੱਤ 'ਤੇ ਵਧਾਈਆਂ ਦੇਣ ਵਾਲਿਆਂ ਦਾ ਲੱਗਾ ਤਾਂਤਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)

ਲੋਕ ਸਭਾ ਦੇ ਪੰਜਾਬ ਵਿੱਚੋਂ ਆਏ ਚੋਣ ਨਤੀਜਿਆਂ ਨੇ ਸੱਤ ਕਾਂਗਰਸ ਦੇ ਐਮ ਪੀ ਜਿਤਾ ਕੇ ਸੰਸਦ ਵਿੱਚ ਭੇਜ ਕੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਵੱਡਾ ਫ਼ਤਵਾ ਦਿੱਤਾ ਤੇ ਅਗਾਮੀ ਚੋਣਾਂ ਚਾਹੇ ਕਾਰਪੋਰੇਸ਼ਨ, ਪੰਚਾਇਤਾਂ, ਜ਼ਿਮਨੀ ਚੋਣ ਜਾਂ 2027 ਦੀਆਂ ਵਿਧਾਨ ਸਭਾ, ਪੰਜਾਬ ਦੇ ਸੂਝਵਾਨ ਲੋਕ ਕਾਂਗਰਸ ਪਾਰਟੀ ਦੇ ਹੱਕ ਵਿੱਚ ਵੋਟਾਂ ਪਾਉਣਗੇ। ਗੁਰਜੀਤ ਸਿੰਘ ਔਜਲਾ ਦੀ ਤੀਜੀ ਵਾਰ ਲਗਾਤਾਰ ਹੋਈ ਜਿੱਤ 'ਤੇ ਸੱਚਰ ਨੇ ਕਿਹਾ ਕਿ ਲੋਕਾਂ ਨੇ ਔਜਲਾ ਦੀ ਪਿਛਲੀ ਲੋਕ ਸਭਾ ਵਿਚਲੀ ਕਾਰਗੁਜ਼ਾਰੀ ਨੂੰ ਵੇਖ ਕੇ ਵੀ ਵੋਟਾਂ ਪਾਈਆਂ ਹਨ ਤਾਂ ਹੀ ਅੱਜ ਹਲਕਾ

ਮਜੀਠਾ ਦੇ ਕਾਂਗਰਸੀ ਵਰਕਰਾਂ ਤੇ ਮੋਹਤਬਰਾਂ ਦਾ ਵਧਾਈਆਂ ਦੇਣ ਦਾ ਤਾਂਤਾ ਲੱਗਾ ਰਿਹਾ। ਇਸ ਮੌਕੇ ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਬਲਾਕ ਕਾਂਗਰਸ ਦੇ ਪ੍ਰਧਾਨ ਨਵਤੇਜ ਸਿੰਘ ਸੋਹੀਆਂ ਕਲਾਂ, ਕੌਂਸਲਰ ਨਵਦੀਪ ਸਿੰਘ ਸੋਨਾ ਮਜੀਠਾ, ਸਰਪੰਚ ਤੇ ਬਲਾਕ ਪ੍ਰਧਾਨ ਸਤਨਾਮ ਸਿੰਘ ਕਾਜ਼ੀਕੋਟ, ਸਰਪੰਚ

7-June-PAGE-4.qxd 6/6/2024 10:57 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 7 ਜੂਨ 2024

ਆਸਥਾ 'ਤੇ ਵਿਵੇਕ ਦੀ ਜਿੱਤ

ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿੱਚ ਉੱਤਰ ਪ੍ਰਦੇਸ਼ ਨੇ ਨਰਿੰਦਰ ਮੋਦੀ ਨੂੰ ਅਜਿਹਾ ਝਟਕਾ ਦਿੱਤਾ ਹੈ ਕਿ ਉਹ ਇਸ ਨੂੰ ਕਦੇ ਵੀ ਭੁੱਲ ਨਹੀਂ ਸਕਣਗੇ । ਜਿਸ ਰਾਜ ਨੇ ਪਿਛਲੀਆਂ ਦੋ ਚੋਣਾਂ ਵਿੱਚ ਮੋਦੀ ਦੀ ਝੋਲੀ ਸੀਟਾਂ ਨਾਲ ਭਰ ਕੇ ਉਸ ਨੂੰ ਦਿੱਲੀ ਭੇਜਿਆ ਸੀ, ਉਸੇ ਰਾਜ ਨੇ ਉਸ ਦਾ ਹੰਕਾਰ ਤੋੜ ਦਿੱਤਾ ਹੈ। 80 ਸੀਟਾਂ ਜਿੱਤਣ ਦਾ ਦਾਅਵਾ ਕਰਨ ਵਾਲਿਆਂ ਨੂੰ ਲੋਕਾਂ ਨੇ ਅੱਧ ਤੱਕ ਵੀ ਨਹੀਂ ਪੁੱਜਣ ਦਿੱਤਾ। ਇਹ ਚੋਣਾਂ ਮੋਦੀ ਨੇ ਆਪਣੇ ਨਾਂਅ ਉਤੇ ਲੜੀਆਂ ਸਨ ਤੇ ਚੋਣ ਮੈਨੀਫੈਸਟੋ ਦਾ ਨਾਂਅ ਵੀ 'ਮੋਦੀ ਦੀ ਗਰੰਟੀ' ਰੱਖਿਆ ਸੀ। ਇਸ ਲਈ ਚੋਣਾਂ ਵਿੱਚ ਹਾਰ ਵੀ ਮੋਦੀ ਦੀ ਹੋਈ ਹੈ। ਉਸ ਕੋਲ ਮੁੜ ਸਰਕਾਰ ਦੀ ਅਗਵਾਈ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ। ਜੇਕਰ ਉਹ ਨੈਤਿਕਤਾ ਦਾ ਪਾਲਣ ਕਰੇ ਤਾਂ ਉਸ ਨੂੰ ਸਿਰਫ ਵਾਰਾਨਸੀ ਦਾ ਸਾਂਸਦ ਹੋਣ ਤੱਕ ਦਾ ਸਬਰ ਕਰਨਾ ਚਾਹੀਦਾ ਹੈ।

ਉੱਤਰ ਪ੍ਰਦੇਸ਼ ਦੇ ਵਾਰਾਨਸੀ ਹਲਕੇ ਨੇ ਮੋਦੀ ਨੂੰ ਹਰਾਇਆ ਨਹੀਂ, ਸਿਰਫ ਉਸ ਦੀ ਔਕਾਤ ਦਿਖਾਈ ਹੈ। ਉਸ ਦੇ ਚਾਰ ਮੰਤਰੀ ਸਮ੍ਰਿਤੀ ਈਰਾਨੀ, ਕੌਸ਼ਲ ਕੁਮਾਰ, ਮਹੇਂਦਰ ਨਾਥ ਪਾਂਡੇ, ਅਜੈ ਮਿਸ਼ਰਾ ਟੈਨੀ ਤੇ ਸੰਜੀਵ ਬਲਿਆਨ ਹਾਰ ਚੁੱਕੇ ਹਨ। ਜਦੋਂ ਅਮੇਠੀ ਸੀਟ ਤੋਂ ਕਾਂਗਰਸ ਨੇ ਆਪਣਾ ਉਮੀਦਵਾਰ ਐਲਾਨਣ 'ਚ ਦੇਰੀ ਕੀਤੀ ਤਾਂ ਮੋਦੀ ਨੇ ਰਾਹੁਲ 'ਤੇ ਤਨਜ਼ ਕੱਸਦਿਆਂ ਕਿਹਾ ਸੀ, 'ਡਰੋ ਮੱਤ।' ਕਾਂਗਰਸ ਨੇ ਆਖਰੀ ਸਮੇਂ ਆਪਣੇ ਕਾਰ-ਮੁਖਤਿਆਰ ਕਿਸ਼ੋਰੀ ਲਾਲ ਸ਼ਰਮਾ ਨੂੰ ਖੜ੍ਹਾ ਕਰ ਦਿੱਤਾ, ਜਿਸ ਨੇ ਸਮ੍ਰਿਤੀ ਈਰਾਨੀ ਨੂੰ ਧੂੜ ਚਟਾ ਦਿੱਤੀ। ਵਾਰਾਨਸੀ ਵਿੱਚ ਪਹਿਲੇ ਦੋ ਗੇੜਾਂ ਦੀ ਗਿਣਤੀ ਵਿੱਚ ਮੋਦੀ ਪਛੜੇ ਰਹੇ ਤੇ ਆਖਰ 152513 ਵੋਟਾਂ ਨਾਲ ਜਿੱਤ ਗਏ। ਮੋਦੀ ਦੀ ਜਿੱਤ ਕਿਸ਼ੋਰੀ ਲਾਲ ਸ਼ਰਮਾ ਦੀ ਜਿੱਤ ਨਾਲੋਂ ਵੀ ਮਾੜੀ ਹੈ, ਜਿਸ ਨੇ ਸਮ੍ਰਿਤੀ ਈਰਾਨੀ ਨੂੰ 167196 ਵੋਟਾਂ ਨਾਲ ਹਰਾਇਆ ਹੈ।

ਨਰਿੰਦਰ ਮੋਦੀ ਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਅਯੁੱਧਿਆ ਵਿਚਲੇ ਰਾਮ ਮੰਦਰ ਵਿੱਚ 'ਰਾਮ ਲੱਲਾ' ਦੀ ਮੂਰਤੀ ਸਥਾਪਨਾ ਤੇ ਪ੍ਰਾਣ ਪ੍ਰਤਿਸ਼ਠਾ ਨਾਲ ਸ਼ੁਰੂ ਕੀਤੀ ਸੀ। ਇਹ ਆਸਥਾ ਦਾ ਸੰਮੇਲਨ ਸੀ, ਪਰ ਇਸ ਦੀ ਵਰਤੋਂ ਵਿਰੋਧੀ ਧਿਰਾਂ ਨੂੰ ਭੰਡਣ-ਛੰਡਣ ਲਈ ਕੀਤੀ ਗਈ। ਸੰਮੇਲਨ ਵਿੱਚ ਸ਼ਾਮਲ ਨਾ ਹੋਈ ਕਾਂਗਰਸ ਤੇ ਸਮਾਜਵਾਦੀ ਪਾਰਟੀ ਨੂੰ ਹਿੰਦੂ ਵਿਰੋਧੀ ਕਹਿ ਕੇ ਪੂਰੀ ਚੋਣ ਮੁਹਿੰਮ ਦੌਰਾਨ ਨੌਲਿਆ ਗਿਆ, ਪਰ ਅਯੁੱਧਿਆ ਨੇ ਮੋਦੀ ਦਾ ਸਾਥ ਨਾ ਦਿੱਤਾ। ਅਯੁੱਧਿਆ ਦੀ ਜਨਤਾ ਨੇ ਮੋਦੀ ਦੇ ਲੱਲੂ ਸਿੰਘ ਨੂੰ 'ਲੱਲੂ' ਸਿੱਧ ਕਰਕੇ ਅਖਿਲੇਸ਼ ਵੱਲੋਂ ਖੜ੍ਹੇ ਕੀਤੇ ਅਵਧੇਸ਼ ਨੂੰ ਚੁਣ ਲਿਆ। ਪ੍ਰਸੰਗਵੱਸ ਰਾਮ ਦਾ ਇੱਕ ਨਾਂਅ ਅਵਧੇਸ਼ ਵੀ ਹੈ। ਪੂਰੀ ਚੋਣ ਮੁਹਿੰਮ ਦੌਰਾਨ ਮੋਦੀ-ਸ਼ਾਹ ਤੇ ਯੋਗੀ ਇਹ ਬੰਬਾਰੀ ਕਰਦੇ ਰਹੇ ਕਿ ਇਸ ਵਾਰ ਲੜਾਈ ਰਾਮਭਗਤਾਂ ਤੇ ਰਾਮਧ੍ਰੋਹੀਆਂ ਵਿਚਕਾਰ ਹੈ, ਪਰ ਜਨਤਾ ਨੇ ਉਨ੍ਹਾਂ ਦੇ ਸਭ ਹਮਲੇ ਨਾਕਾਮ ਕਰ ਦਿੱਤੇ। ਅਯੁੱਧਿਆ ਦੀ ਫੈਜ਼ਾਬਾਦ ਜਨਰਲ ਸੀਟ 'ਤੇ ਸਪਾ ਵੱਲੋਂ ਦਲਿਤ ਜਾਤੀ ਨਾਲ ਸੰਬੰਧਤ ਅਵਧੇਸ਼ ਪ੍ਰਸਾਦ ਨੂੰ ਖੜ੍ਹਾ ਕੀਤਾ ਗਿਆ, ਜਿਸ ਜਾਤੀ ਦੇ ਮੈਂਬਰਾਂ ਨੂੰ ਦੇਸ਼ ਦੇ ਕਈ ਮੰਦਰਾਂ ਵਿੱਚ ਦਾਖਲ ਹੋਣ ਨਹੀਂ ਦਿੱਤਾ ਜਾਂਦਾ। ਅਯੁੱਧਿਆ ਸੀਟ 'ਤੇ ਦਲਿਤਾਂ ਦੀ ਅਬਾਦੀ ਸਿਰਫ਼ 20 ਫੀਸਦੀ ਹੈ। ਇਸ ਲਈ ਮੋਦੀ ਦੇ ਲੱਲੂ ਨੂੰ ਹਰਾਉਣ ਲਈ ਬਾਕੀ ਜਾਤੀਆਂ ਵੀ ਸਭ ਮੱਤਭੇਦ ਭੁਲਾ ਕੇ ਅਵਿਧੇਸ਼ ਦੇ ਹੱਕ ਵਿੱਚ ਭੁਗਤੀਆਂ।

ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਅਯੁੱਧਿਆ ਵਿੱਚ ਅਜਿਹਾ ਹੀ ਹੋਇਆ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਰਾਮ ਮੰਦਰ ਦਾ ਜਬਰੀ ਨੀਂਹ ਪੱਥਰ ਰੱਖਣ ਤੋਂ ਬਾਅਦ 1989 ਵਿੱਚ ਹੋਈਆਂ ਚੋਣਾਂ ਵਿੱਚ ਫੈਜ਼ਾਬਾਦ (ਅਯੁੱਧਿਆ) ਨੇ ਸੀ ਪੀ ਆਈ ਦੇ ਮਿੱਤਰ ਸੈਨ ਯਾਦਵ ਨੂੰ ਚੁਣਿਆ ਸੀ। ਉਨ੍ਹਾ ਚੋਣਾਂ ਵਿੱਚ ਮਿੱਤਰ ਸੈਨ ਨੂੰ ਹਰਾਉਣ ਲਈ ਜਨਸੰਘ ਤੇ ਕਾਂਗਰਸ ਨੇ ਹੱਥ ਮਿਲਾ ਲਿਆ ਸੀ। ਉਸ ਸਮੇਂ ਅਯੁੱਧਿਆ ਨੇ ਇੱਕ ਕਮਿਊਨਿਸਟ ਨੂੰ ਚੁਣ ਲਿਆ ਤੇ ਇਨ੍ਹਾਂ ਚੋਣਾਂ ਵਿੱਚ ਇੱਕ ਸਮਾਜਵਾਦੀ ਦਲਿਤ ਨੂੰ ਚੁਣ ਲਿਆ ਹੈ। ਇਹ ਆਸਥਾ 'ਤੇ ਵਿਵੇਕ ਦੀ ਜਿੱਤ ਹੈ।

...ਬਾਕੀ ਨੇ !

ਮੰਨਿਆ ਕੁਝ ਦਿਲ ਟੁੱਟ ਗਏ,
ਅਜੇ ਹੋਰ ਵੀ ਟੁੱਟਣੇ ਬਾਕੀ ਨੇ।
ਜੋ ਰੱਖੇ ਵੱਖ-ਵੱਖ ਥਾਵਾਂ 'ਤੇ,
ਉਹ ਆਂਡੇ ਫੁੱਟਣੇ ਬਾਕੀ ਨੇ।
ਦੁੱਕੀਆਂ, ਤਿੱਕੀਆਂ ਇੱਕ ਪਾਸੇ,
ਅਜੇ ਯੱਕੇ ਕੁੱਟਣੇ ਬਾਕੀ ਨੇ।
ਜੋ ਦੌੜੇ ਲੁੱਟ ਕੇ ਖ਼ਲਕਤ ਨੂੰ,
ਉਹ ਲੋਟੂ ਲੁੱਟਣੇ ਬਾਕੀ ਨੇ।
ਚੁੱਕ ਪੈਸਾ ਉਡੇ ਹਵਾਵਾਂ ਵਿੱਚ,
ਲਾਹ ਹੇਠਾਂ ਸੁੱਟਣੇ ਬਾਕੀ ਨੇ।
ਦਿਸਦੇ ਕੰਡਿਆਲੇ ਰੁੱਖ ਜੋ ਵੀ,
ਸਭ ਜੜ੍ਹ ਤੋਂ ਪੁੱਟਣੇ ਬਾਕੀ ਨੇ!

-ਗੁਲਪੁਰ

ਭਾਰਤ 'ਚ ਵਧ ਰਹੇ ਸੜਕ ਹਾਦਸਿਆਂ ਨੂੰ ਰੋਕਣਾ ਜ਼ਰੂਰੀ

ਪ੍ਰਮੋਦ ਧੀਰ

ਸੰਸਾਰ ਭਰ ਵਿੱਚ ਵਹੀਕਲ ਦਿਨੋਂ-ਦਿਨ ਵਧਦੇ ਜਾ ਰਹੇ ਹਨ, ਜੋ ਕਿ ਹਰ ਇੱਕ ਇਨਸਾਨ ਜ਼ਰੂਰਤ ਬਣ ਚੁੱਕੇ ਹਨ। ਵਹੀਕਲ ਵਧਣ ਕਾਰਨ ਟ੍ਰੈਫਿਕ ਵੀ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਸਿੱਟੇ ਵਜੋਂ ਸੜਕ ਹਾਦਸਿਆਂ ਦੇ ਗਰਾਫ ਵਿੱਚ ਵੀ ਅਥਾਹ ਵਾਧਾ ਹੋਇਆ ਹੈ। ਪੂਰੀ ਦੁਨੀਆ ਵਿੱਚ ਲੱਗਭਗ 12.5 ਲੱਖ ਦੇ ਕਰੀਬ ਲੋਕ ਹਰ ਸਾਲ ਸੜਕ ਦੁਰਘਟਨਾਵਾਂ ਵਿੱਚ ਆਪਣੀਆਂ ਜਾਨਾਂ ਗਵਾ ਲੈਂਦੇ ਹਨ। ਜੇਕਰ ਗੱਲ ਭਾਰਤ ਦੀ ਕਰੀਏ ਤਾਂ ਦੁਨੀਆ ਦੀਆਂ ਸਭ ਤੋਂ ਵੱਧ ਸੜਕ ਦੁਰਘਟਨਾਵਾਂ ਭਾਰਤ ਵਿੱਚ ਹੁੰਦੀਆਂ ਹਨ। ਭਾਰਤ ਵਿੱਚ ਹਰ ਸਾਲ ਲਗਭਗ 5 ਲੱਖ ਦੇ ਕਰੀਬ ਸੜਕ ਦੁਰਘਟਨਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚ 2 ਲੱਖ ਲੋਕ ਹਰ ਸਾਲ ਸੜਕਾਂ ਉੱਤੇ ਮਰਦੇ, 4.5 ਲੱਖ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਲੰਮਾ ਸਮਾਂ ਅਪਾਹਜਾਂ ਵਰਗੀ ਜਿੰਦਗੀ ਬਤੀਤ ਕਰਦੇ ਅਤੇ ਕਰੀਬ 3 ਲੱਖ ਵਹੀਕਲ ਚਾਲਕਾਂ ਨੂੰ ਜੇਲ੍ਹ ਅਤੇ 10 ਲੱਖ ਚਾਲਕਾਂ ਨੂੰ ਜੁਰਮਾਨਾ ਹੁੰਦਾ ਹੈ।

ਸਾਡੇ ਦੇਸ਼ ਵਿੱਚ ਲਗਭਗ ਹਰ 3.5 ਤੋਂ 4 ਮਿੰਟ ਦੀ ਦਰ ਨਾਲ ਇੱਕ ਵਿਅਕਤੀ ਸੜਕ ਉਪਰ ਆਪਣੀ ਜਾਨ ਗਵਾ ਲੈਂਦਾ ਹੈ। ਸਾਲ 2015 ਵਿੱਚ ਸੜਕ ਦੁਰਘਟਨਾਵਾਂ ਦੀ ਕੁੱਲ ਗਿਣਤੀ 501423 ਸੀ, ਜਿਨ੍ਹਾਂ ਵਿੱਚੋਂ ਮਰਨ ਵਾਲਿਆਂ ਦੀ ਸੰਖਿਆ ਸੜਕੀ ਰਾਜ ਮੰਤਰਾਲੇ ਨਵੀਂ ਦਿੱਲੀ ਦੁਆਰਾ 146135 ਦੇ ਕਰੀਬ ਸੀ, ਜਿਸ ਦਾ ਸਿੱਧਾ ਮਤਲਬ 400 ਵਿਅਕਤੀ ਪ੍ਰਤੀ ਦਿਨ ਦੀ ਮੌਤ ਅਤੇ 1400 ਹਾਦਸੇ ਪ੍ਰਤੀ ਦਿਨ ਹੋਏ। ਇਸ ਤੋਂ ਇਲਾਵਾ 17666 ਉੱਤਰ ਪ੍ਰਦੇਸ਼, 15642 ਤਾਮਿਲਨਾਡੂ, 13212 ਮਹਾਰਾਸ਼ਟਰਾ, 10856 ਕਰਨਾਟਕਾ, 10510 ਰਾਜਸਥਾਨ, 9314 ਮੱਧ ਪ੍ਰਦੇਸ਼, 8297 ਆਂਧਰਾ ਪ੍ਰਦੇਸ਼, 8119 ਗੁਜਰਾਤ, 7110 ਤੇਲੰਗਾਨਾ, 6234 ਪੱਛਮੀ ਬੰਗਾਲ, 5421 ਬਿਹਾਰ, 4893 ਪੰਜਾਬ, 4879 ਹਰਿਆਣਾ ਆਦਿ ਦੇ ਕਰੀਬ ਸੜਕ ਦੁਰਘਟਨਾ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਹੈ। ਅੰਤਰਰਾਸ਼ਟਰੀ ਪੱਧਰ 'ਤੇ 2016 ਤੋਂ 2018 ਤੱਕ ਸੜਕੀ ਹਾਦਸਿਆਂ 'ਤੇ ਝਾਤ ਮਾਰਦੇ ਹਾਂ। ਸਾਲ 2018 ਦੌਰਾਨ ਭਾਰਤ ਵਿੱਚ 299000, ਇਟਲੀ ਵਿੱਚ 3300, ਅਮਰੀਕਾ ਵਿੱਚ 40000, ਚੀਨ ਵਿੱਚ 25600, ਜਰਮਨੀ ਵਿੱਚ 3327, ਮਲੇਸ਼ੀਆ ਵਿੱਚ 7300, ਇਜ਼ਰਾਈਲ ਵਿੱਚ 345, ਇੰਗਲੈਂਡ ਵਿੱਚ 2000, ਸਪੇਨ ਵਿੱਚ 1922, ਰੂਸ ਵਿੱਚ 25900 ਲੋਕਾਂ ਨੇ ਸੜਕੀ ਹਾਦਸਿਆਂ ਵਿੱਚ ਆਪਣੀਆਂ ਕੀਮਤੀ ਜਾਨਾਂ ਗੁਆਈਆਂ। ਅੰਤਰਰਾਸ਼ਟਰੀ ਪੱਧਰ 'ਤੇ ਸਾਡੇ ਮੁਲਕ ਵਿੱਚ ਸਭ ਤੋਂ ਵੱਧ ਸੜਕ ਹਾਦਸਿਆਂ ਵਿੱਚ ਜਾਨਾਂ ਗਈਆਂ ਹਨ, ਕਿਉਂਕਿ ਸਾਡੇ ਮੁਲਕ ਵਿੱਚ ਸੜਕ ਸੁਰੱਖਿਆ ਨਿਯਮਾਂ ਨੂੰ ਤੋੜਨ ਸਮੇਂ ਅਸੀਂ ਭੁੱਲ ਜਾਂਦੇ ਹਾਂ ਕਿ ਇਸ ਅਣਗਹਿਲੀ ਨਾਲ ਸਾਡੀ ਜਾਨ ਵੀ ਜਾ ਸਕਦੀ ਹੈ।

ਦੁਰਘਟਨਾਵਾਂ ਲਈ ਕੁਝ ਹੱਦ ਤੱਕ ਵਿਦਿਆਰਥੀਆਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜੋ ਕਿ ਆਪਣੇ 18 ਸਾਲ ਤੋਂ ਛੋਟੀ ਉਮਰ ਦੇ ਅਤੇ ਅਣਸਿੱਖਿਅਕ ਬੱਚਿਆਂ ਨੂੰ ਵਹੀਕਲ ਖਰੀਦ ਕੇ ਦਿੰਦੇ ਹਨ ਤੇ ਚਲਾਉਣ ਦੀ ਆਗਿਆ ਦਿੰਦੇ ਹਨ, ਜੋ ਬੜੀ ਲਾਪਰਵਾਹੀ ਨਾਲ ਵਹੀਕਲ ਚਲਾਉਂਦੇ ਹਨ ਤੇ ਦੁਰਘਟਨਾਵਾਂ ਦਾ ਸ਼ਿਕਾਰ ਬਣਦੇ ਹਨ।

ਦੇਸ਼ ਅੰਦਰ ਵਧ ਰਹੇ ਹਾਦਸਿਆਂ ਦਾ ਮੁੱਖ ਕਾਰਨ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਨਬਾਲਗ ਵਹੀਕਲ ਚਾਲਕ, ਕਈ ਆਮ ਲੋਕਾਂ, ਪੈਦਲ ਚਲਦੇ ਲੋਕਾਂ, ਰਿਕਸ਼ਾ, ਰੇਹੜੀ, ਟਰੈਕਟਰ ਟਰਾਲੀ, ਆਟੋਜ਼, ਮੋਟਰ ਸਾਈਕਲਾਂ, ਲੇਡੀਜ਼ ਸਕੂਟਰੀਆਂ ਆਦਿ ਦੇ ਚਾਲਕਾਂ ਨੂੰ ਟਰੈਫਿਕ ਨਿਯਮਾਂ ਦੀ ਜਾਣਕਾਰੀ ਹੀ ਨਹੀਂ ਹੁੰਦੀ।

ਗੱਡੀ ਕਰਕੇ ਹੋਣ ਵਾਲੀਆਂ ਦੁਰਘਟਨਾਵਾਂ: ਗੱਡੀ ਦੇ ਡਿਜ਼ਾਇਨ ਵਿੱਚ ਕਮੀਆਂ, ਬ੍ਰੇਕ ਫੇਲ੍ਹ ਹੋਣਾ, ਸਟੇਰਿੰਗ ਫੇਲ ਹੋਣਾ, ਟਾਇਰ ਫਟ ਜਾਣਾ, ਰੇਸ ਪੈਡਲ ਦਾ ਜਾਮ ਹੋ ਜਾਣਾ, ਗੱਡੀ ਸਲਿੱਪ ਹੋ ਜਾਣਾ, ਵੀਲ੍ਹ ਅਲਾਈਨਮੈਂਟ ਦਾ ਸਹੀ ਨਾ ਹੋਣਾ, ਸੜਕ ਟੁੱਟੀ ਹੋਣਾ, ਅਵਾਰਾ ਜਾਨਵਰ ਦਾ ਸੜਕ ਉਪਰ ਆ ਜਾਣਾ, ਬਿਨਾਂ ਸੂਚਨਾ 'ਤੇ ਚਿੰਨ੍ਹਾਂ ਦੇ ਸੜਕਾਂ, ਤੰਗ ਸੜਕਾਂ, ਲਾਲ ਬੱਤੀ ਦੀ ਉਲੰਘਣਾ ਕਰਨਾ ਆਦਿ।

ਡਰਾਇਵਰਾਂ ਪ੍ਰਤੀ: ਜਾਣਕਾਰੀ ਜਾਂ ਟ੍ਰੇਨਿੰਗ ਦੀ ਘਾਟ, ਨਸ਼ਾ ਕਰਕੇ ਗੱਡੀ ਚਲਾਉਣਾ, ਓਵਰ ਸਪੀਡ, ਧਿਆਨ ਭਟਕਣਾ, ਗਲਤ ਦਿਸ਼ਾ ਵਿੱਚ ਗੱਡੀ ਚਲਾਉਣਾ, ਮਾਨਸਿਕ ਜਾਂ ਸਰੀਰਕ ਥਕਾਵਟ, ਮੋਬਾਇਲ ਫੋਨ ਦੀ ਵਰਤੋਂ, ਓਵਰਲੋਡ, ਗਲਤ ਥਾਂ 'ਤੇ ਪਾਰਕ ਕਰਨਾ, ਪ੍ਰੈਸ਼ਰ ਹਾਰਨ ਦੀ ਵਰਤੋਂ ਹਾਈ ਬੀਮ ਆਦਿ। ਇਨ੍ਹਾਂ ਅਣਗਹਿਲੀਆਂ ਤੋਂ ਬਚਣਾ ਬਹੁਤ ਜਰੂਰੀ ਹੈ।

ਖਰਾਬ ਮੌਸਮ: ਧੁੰਦ, ਮੀਂਹ, ਬਰਫ, ਹਨੇਰੀ, ਪਰਾਲੀ ਦਾ ਧੂੰਆਂ ਆਦਿ ਵੀ ਦੁਰਘਟਨਾ ਦੇ ਮੁੱਖ ਕਾਰਨ ਹਨ।

ਸੀਟ ਬੈਲਟ ਜਾਂ ਹੈਲਮਟ ਦੀ ਵਰਤੋਂ ਨਾ ਕਰਨਾ: ਆਮ ਤੌਰ 'ਤੇ ਚਾਰ ਪਹੀਏ ਵਾਹਨ ਵਿੱਚ ਸੀਟ ਬੈਲਟ ਦੀ ਵਰਤੋਂ ਨਹੀਂ ਕੀਤੀ ਜਾਂਦੀ, ਜਿਸ ਕਾਰਨ ਚਾਲਕ ਦੇ ਜ਼ਖਮੀ ਹੋਣ ਜਾਂ ਮਰਨ ਦੀ ਸੰਭਾਵਨਾ ਵਧ ਜਾਂਦੀ ਹੈ, ਇਸ ਕਰਕੇ ਸਾਨੂੰ ਸੀਟ ਬੈਲਟ ਦੀ ਵਰਤੋਂ ਕਰਨੀ ਚਾਹੀਦੀ ਹੈ। ਦੋਪਹੀਏ ਵਾਹਨ ਚਲਾਉਂਦੇ ਸਮੇਂ ਹੈਲਮੈਟ ਦੀ ਵਰਤੋਂ ਕਰਨੀ ਚਾਹੀਦੀ ਹੈ। ਭਾਰਤ ਵਿੱਚ ਹਰ ਸਾਲ ਸੜਕ ਦੁਰਘਟਨਾ ਵਿੱਚ ਹੋਈਆਂ ਕੁੱਲ ਮੌਤਾਂ ਦਾ ਲਗਭਗ 26 ਫੀਸਦੀ ਹਿੱਸਾ ਦੋ ਪਹੀਆ ਵਾਹਨ ਚਾਲਕਾਂ ਦਾ ਹੁੰਦਾ ਹੈ, ਜਿਨ੍ਹਾਂ ਵਿਚੋਂ 70 ਫੀਸਦੀ ਮੌਤ ਦਾ ਕਾਰਨ ਹੈਲਮਟ ਨਾ ਪਾਉਣਾ ਹੈ। ਇਸ ਲਈ ਸਾਨੂੰ ਹੈਲਮਟ ਦੀ ਵਰਤੋਂ ਕਰਨੀ ਚਾਹੀਦੀ ਹੈ। ਅਕਤੂਬਰ 2017 ਤੋਂ ਬਾਅਦ ਸਰਕਾਰ ਦੁਆਰਾ ਦੋ ਪਹੀਆ ਵਾਹਨ ਦੀ ਇੰਜਣ ਕਪੈਸਟੀ 125 ਸੀ ਸੀ ਜਾਂ ਉਸ ਤੋਂ ਵੱਧ ਹੈ ਤਾਂ ਉਨ੍ਹਾਂ ਵਿੱਚ ਏ ਬੀ ਐੱਸ ਬਰੇਕ ਪ੍ਰਣਾਲੀ ਲਗਾਉਣ ਦਾ ਸੁਝਾਅ ਵੀ ਹੈ। ਦੋ-ਪਹੀਆ ਚਲਾਉਂਦੇ ਸਮੇਂ ਪ੍ਰਾਪਰ ਫੁੱਟ ਰੈਸਟ ਲੱਗੇ ਹੋਣੇ ਚਾਹੀਦੇ ਹਨ। ਦੋਵੇਂ ਸਾਈਡਾਂ ਦੇ ਸ਼ੀਸ਼ੇ 'ਤੇ ਰਿਫਲੈਕਟਰ ਵੀ ਲੱਗਿਆ ਹੋਣਾ ਚਾਹੀਦਾ ਹੈ।

ਭਾਰਤੀ ਸੜਕਾਂ ਉੱਪਰ ਮਨੁੱਖ ਦੀ ਕੀ ਦੁਰਦਸ਼ਾ ਹੈ, ਇਸ ਦਾ ਅੰਦਾਜਾ ਰੋਜ਼ਮਰ੍ਹਾ ਦੀਆਂ ਅਖਬਾਰਾਂ ਵਿੱਚ ਛਪੀਆਂ ਖਬਰਾਂ ਤੋਂ ਲਗਾਇਆ ਜਾ ਸਕਦਾ ਹੈ। ਪਿਛਲੇ ਸਾਲ ਧੁੰਦ ਕਾਰਨ ਹੋਏ ਦਰਦਨਾਕ ਹਾਦਸਿਆਂ 'ਚ ਕਈ ਕੀਮਤੀ ਜਾਨਾਂ ਚਲੀਆਂ ਗਈਆਂ। ਅਸੀਂ ਆਪਣੇ ਬਹੁਤ ਪਿਆਰੇ ਪਰਿਵਾਰਕ ਮੈਂਬਰ, ਨੇਤਾ, ਅਭਿਨੇਤਾ, ਗਾਇਕ, ਖਿਡਾਰੀ, ਅਧਿਕਾਰੀ ਆਦਿ ਨੂੰ ਸੜਕਾਂ ਉੱਪਰ ਦੁਰਘਟਨਾਵਾਂ ਵਿੱਚ ਗੁਵਾ ਚੁੱਕੇ ਹਾਂ।

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਸੜਕ ਹਾਦਸਿਆਂ ਦਾ ਖਤਰਾ ਦੇਰ ਰਾਤ ਜਾਂ ਸਵੇਰੇ ਸਭ ਤੋਂ ਜ਼ਿਆਦਾ ਹੁੰਦਾ ਹੈ, ਪਰ ਇਸ ਧਾਰਨਾ ਦੇ ਉਲਟ ਸਰਕਾਰੀ ਅੰਕੜੇ ਦੱਸਦੇ ਹਨ ਕਿ ਦੇਸ਼ ਵਿੱਚ ਬਾਅਦ ਦੁਪਹਿਰ 3 ਵਜੇ ਤੋਂ 6 ਵਜ੍ਹੇ ਦਰਮਿਆਨ ਸਭ ਤੋਂ ਜ਼ਿਆਦਾ ਸੜਕ ਹਾਦਸੇ ਹੁੰਦੇ ਹਨ। ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰਾਲਾ ਦੀ ਰਿਪੋਰਟ ਅਨੁਸਾਰ ਸਾਲ 2015 ਵਿੱਚ ਜੋ 501423 ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ 146135 ਵਿਅਕਤੀਆਂ ਦੀ ਜਾਨ ਗਈ। ਇਨ੍ਹਾਂ ਵਿੱਚ ਸਭ ਤੋਂ ਜ਼ਿਆਦਾ 87819 ਸੜਕ ਹਾਦਸੇ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਦਰਮਿਆਨ ਹੋਏ।

ਇਨ੍ਹਾਂ ਦੁਰਘਟਨਾਵਾਂ ਨੂੰ ਰੋਕਣ ਲਈ ਸਖਤ ਕਦਮ ਉਠਾਉਣੇ ਚਾਹੀਦੇ ਹਨ ਅਤੇ ਵਧੀਆ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ, ਤਾਂ ਜੋ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਡਰਾਈਵਰਾਂ ਨੂੰ ਟਰੈਫਿਕ ਚਿੰਨ੍ਹਾਂ, ਜੋ ਕਿ ਚਾਰ ਤਰਾਂ ਦੇ ਹਨ: ਆਦੇਸ਼ਾਤਮਕ ਚਿੰਨ੍ਹ, ਚੇਤਾਵਨੀ ਚਿੰਨ੍ਹ, ਸੂਚਨਾਤਮਕ ਚਿੰਨ੍ਹ, ਜ਼ਰੂਰੀ ਚਿੰਨ੍ਹ ਇਨ੍ਹਾਂ ਦੀ ਚੰਗੀ ਤਰਾਂ ਜਾਣਕਾਰੀ ਹੋਣੀ ਚਾਹੀਦੀ ਹੈ। ਡਰਾਇਵਿੰਗ ਦੀ ਸਿਖਲਾਈ ਸੰਬੰਧੀ ਲੋੜ ਨੂੰ ਮੁੱਖ ਰੱਖਦੇ ਹੋਏ ਡਰਾਈਵਿੰਗ ਨਿਯਮਾਂ ਲਈ ਹਰ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ ਟ੍ਰੇਨਿੰਗ ਸਕੂਲ, ਕਾਲਜ, ਸੰਸਥਾਵਾਂ ਆਦਿ ਖੋਲ੍ਹਣੇ ਚਾਹੀਦੇ ਹਨ, ਤਾਂ ਜੋ ਦੂਰ-ਦੁਰਾਡੇ ਜਾਣ ਦੀ ਬਜਾਏ ਲੋਕਾਂ ਨੂੰ ਨੇੜੇ ਸਹੂਲਤ ਮਿਲ ਸਕੇ। ਨਿਯਮਿਤ ਤੌਰ 'ਤੇ ਸਕੂਲਾਂ, ਕਾਲਜਾਂ, ਟੈਕਸੀ ਸਟੈਂਡਾਂ, ਪਿੰਡ ਦੀਆਂ ਸੱਥਾਂ ਆਦਿ ਵਿੱਚ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਵੱਧ ਤੋਂ ਵੱਧ ਲਗਾਉਣੇ ਚਾਹੀਦੇ ਹਨ, ਤਾਂ ਜੋ ਲੋਕ ਸੜਕੀ ਨਿਯਮਾਂ ਤੋਂ ਪੂ

7-JUNE-PAGE-5.qxd 6/6/2024 10:40 PM Page 1

ਨਰੇਗਾ ਕਰਮਚਾਰੀਆਂ ਦੇ ਸੰਘਰਸ਼ ਦੀ ਜਿੱਤ, ਬਗੀਚਾ ਸਿੰਘ ਦੀ ਨੌਕਰੀ ਬਹਾਲ

ਜਲਾਲਾਬਾਦ (ਜੀਤ ਕੁਮਾਰ)

ਨਰੇਗਾ ਕਰਮਚਾਰੀ ਯੂਨੀਅਨ ਬਲਾਕ ਜਲਾਲਾਬਾਦ ਵੱਲੋਂ ਕਲਮਛੋੜ ਹੜਤਾਲ ਕਰਕੇ ਚੱਲ ਰਹੇ ਧਰਨੇ ਨੂੰ ਵੀਰਵਾਰ ਉਸ ਵੇਲੇ ਬੂਰ ਪਿਆ, ਜਦੋਂ ਡਿਪਟੀ ਕਮਿਸ਼ਨਰ ਫਾਜ਼ਿਲਕਾ ਵੱਲੋਂ ਮੁਅੱਤਲ ਕੀਤੇ ਗਏ ਗ੍ਰਾਮ ਰੋਜ਼ਗਾਰ ਸੇਵਕ ਬਗੀਚਾ ਸਿੰਘ ਨੂੰ ਨੌਕਰੀ 'ਤੇ ਬਹਾਲ ਕਰਨ ਦਾ ਆਰਡਰ ਜਾਰੀ ਕਰ ਦਿੱਤਾ ਗਿਆ।

ਇਸੇ ਦੌਰਾਨ ਅੱਜ ਤੋਂ ਨਰੇਗਾ ਕਰਮਚਾਰੀਆਂ ਦੀ ਚੱਲ ਰਹੀ ਹੜਤਾਲ ਤੇ ਧਰਨਾ ਵੀ ਸਮਾਪਤ ਹੋ ਗਿਆ ਹੈ। ਅੱਜ ਦੇ ਧਰਨੇ ਵਿੱਚ ਨਰੇਗਾ ਕਰਮਚਾਰੀਆਂ ਦੇ ਸਹਿਯੋਗ ਵਿੱਚ ਵੱਡੀ ਗਿਣਤੀ ਵਿੱਚ ਨਰੇਗਾ ਮਜ਼ਦੂਰ ਵੀ ਸ਼ਾਮਲ ਹੋਏ। ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਮ੍ਰਿਤਪਾਲ ਸਿੰਘ ਤੇ ਬਲਾਕ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਕਿ ਨਰੇਗਾ ਤਹਿਤ ਬਲਾਕ ਜਲਾਲਾਬਾਦ ਵਿਖੇ ਬਤੌਰ ਗਰਾਮ ਰੋਜ਼ਗਾਰ ਸੇਵਕ ਨੌਕਰੀ ਕਰਦੇ ਬਗੀਚਾ ਸਿੰਘ ਜੀ.ਆਰ.ਐੱਸ. ਨੂੰ ਬੀਤੀ 20 ਮਈ 2024 ਨੂੰ ਡਿਪਟੀ ਕਮਿਸ਼ਨਰ ਫਾਜ਼ਿਲਕਾ ਵੱਲੋਂ ਬਿਨਾਂ ਪੱਖ ਸੁਣੇ ਤੇ ਬਿਨਾਂ ਕਿਸੇ ਨੋਟਿਸ ਦੇਣ ਤੋਂ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ, ਜਿਸ ਦੀ ਬਹਾਲੀ ਦੀ ਮੰਗ ਲਈ ਸੰਘਰਸ਼ ਚੱਲ ਰਿਹਾ ਸੀ। ਉਨ੍ਹਾਂ ਕਿਹਾ ਕਿ ਨਰੇਗਾ ਕਰਮਚਾਰੀਆਂ ਦੇ ਸੰਘਰਸ਼ ਤੇ ਇਨਸਾਫ਼ ਪਸੰਦ ਲੋਕਾਂ ਦੀ ਅੱਜ ਜਿੱਤ ਹੋਈ ਹੈ, ਜਿਸ ਕਾਰਨ ਬਗੀਚਾ ਸਿੰਘ ਜੀ.ਆਰ.ਐੱਸ. ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਹਾਲ ਕਰ ਦਿੱਤਾ ਗਿਆ।

ਆਗੂਆਂ ਨੇ ਕਿਹਾ ਕਿ ਅੱਜ ਤੋਂ ਨਰੇਗਾ ਮੁਲਾਜ਼ਮਾਂ ਵੱਲੋਂ ਮੁਕੰਮਲ ਕੰਮ ਪੂਰੇ ਜ਼ਿਲ੍ਹੇ ਵਿੱਚ ਹੜਤਾਲ ਖਤਮ ਕਰਕੇ ਸ਼ੁਰੂ ਕਰ ਦਿੱਤੇ ਗਏ ਹਨ। ਆਗੂਆਂ ਨੇ ਕਿਹਾ ਕਿ ਬਲਾਕ ਜਲਾਲਾਬਾਦ ਵਿੱਚ ਕੁਝ ਵਿਅਕਤੀਆਂ ਵੱਲੋਂ ਮਗਨਰੇਗਾ ਮੁਲਾਜ਼ਮਾਂ ਨਾਲ ਬਦਸਲੂਕੀ ਕੀਤੀ ਗਈ ਹੈ, ਉਸ ਖਿਲਾਫ ਕਾਨੂੰਨੀ ਲੜਾਈ ਲੜੀ ਜਾਵੇਗੀ ਅਤੇ ਉਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਕਰਵਾਉਣ ਲਈ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਜਾਵੇਗੀ। ਜੇਕਰ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਯੂਨੀਅਨ ਪੱਧਰ 'ਤੇ ਸੰਘਰਸ਼ ਕਰਨ ਦਾ ਫ਼ੈਸਲਾ ਲਿਆ ਜਾਵੇਗਾ। ਮਗਨਰੇਗਾ ਮੁਲਾਜ਼ਮਾਂ ਦੀ ਹਮਾਇਤ 'ਤੇ ਅੱਜ ਵੱਖ ਵੱਖ ਪਿੰਡਾਂ ਵਿੱਚੋਂ ਆਏ ਲੋਕਾਂ ਦਾ ਸਮੂਹ ਮੁਲਾਜ਼ਮਾਂ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਨਰੇਗਾ ਸਕੀਮ ਵਿੱਚ ਵੱਡੇ ਪੱਧਰ 'ਤੇ ਕੇਂਦਰ ਸਰਕਾਰ ਵੱਲੋਂ ਤਬਦੀਲੀਆਂ ਕੀਤੀਆਂ ਜਾ ਰਹੀਆ ਹਨ, ਉਸ ਦੇ ਸਬੰਧ ਵਿੱਚ ਵੀ ਦੱਸਿਆ ਗਿਆ ਕਿ ਲੇਬਰ ਦੇ ਕੰਮ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਮੁਲਾਜ਼ਮਾਂ ਤੇ ਨਰੇਗਾ ਮਜ਼ਦੂਰਾਂ ਵੱਲੋਂ ਸਾਂਝੇ ਰੂਪ ਵਿੱਚ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਲੜਾਈ ਵਿੱਢਣ ਦਾ ਸੰਕੇਤ ਦਿੱਤਾ। ਨਰੇਗਾ ਕਰਮਚਾਰੀ ਦੀ ਬਹਾਲੀ ਦੀ ਮੰਗ ਲਈ ਚੱਲ ਰਹੇ ਸੰਘਰਸ਼ ਦੀ ਕਵੇਰਜ ਕਰਨ ਵਾਲੇ ਸਮੂਹ ਪੱਤਰਕਾਰ ਭਾਈਚਾਰੇ ਦਾ ਵੀ ਸਮੂਹ ਨਰੇਗਾ ਮੁਲਾਜ਼ਮਾਂ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸੁਰਿੰਦਰ ਸਿੰਘ, ਗੁਰਮੀਤ ਸਿੰਘ, ਬਗੀਚਾ ਸਿੰਘ, ਪੁਸ਼ਪਾ ਰਾਣੀ, ਜਸਵੀਰ ਸਿੰਘ ਸੀ ਏ, ਰਾਜ ਰਾਣੀ, ਗੁਰਮੀਤ ਸਿੰਘ, ਮੰਗਤ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ, ਰਿਪੀ ਕੁਮਾਰੀ, ਪੁਸ਼ਪਾ ਰਾਣੀ ਆਦਿ ਹਾਜ਼ਰ ਹੋਏ।

ਨਰੇਗਾ ਕਰਮਚਾਰੀਆਂ ਵੱਲੋਂ ਹੜਤਾਲ ਤੇ ਧਰਨਾ ਸਮਾਪਤ

ਲੋਕਾਂ ਨੇ ਧਰੁਵੀਕਰਨ ਤੇ ਨਫ਼ਰਤ ਦੀ ਰਾਜਨੀਤੀ ਨੂੰ ਨਕਾਰ ਕੇ ਸੰਵਿਧਾਨ ਨੂੰ ਬਚਾਇਆ : ਏਟਕ

ਲੁਧਿਆਣਾ (ਐੱਮ ਐੱਸ ਭਾਟੀਆ)-2024 ਲੋਕ ਸਭਾ ਚੋਣ ਨਤੀਜਿਆਂ ਦੇ ਆਉਣ ਤੋਂ ਬਾਅਦ ਏਟਕ ਦੇ ਰਾਸ਼ਟਰੀ ਸਕੱਤਰੇਤ ਵੱਲੋਂ ਪ੍ਰੈੱਸ ਨੂੰ ਜਾਰੀ ਕੀਤੇ ਬਿਆਨ ਵਿੱਚ ਕਿਹਾ ਹੈ ਕਿ ਏਟਕ ਧਰੁਵੀਕਰਨ ਤੇ ਨਫ਼ਰਤ ਦੀ ਰਾਜਨੀਤੀ ਨੂੰ ਨਕਾਰਦੇ ਹੋਏ ਸੰਵਿਧਾਨ ਨੂੰ ਬਚਾਉਣ ਲਈ ਡੱਟ ਕੇ ਖੜੇ ਹੋਣ ਲਈ ਲੋਕਾਂ ਨੂੰ ਵਧਾਈ ਦਿੰਦੀ ਹੈ।ਭਾਰਤੀ ਲੋਕਤੰਤਰ 'ਤੇ ਜੋ ਕਾਲੇ ਬੱਦਲ ਛਾਏ ਸਨ, ਉਨ੍ਹਾਂ ਨੂੰ ਸਾਡੇ ਆਮ ਲੋਕਾਂ ਨੇ ਸਾਫ਼ ਕਰ ਦਿੱਤਾ ਹੈ।ਸਾਡੀ ਪ੍ਰਾਚੀਨ ਸਿੰਧੂ ਘਾਟੀ ਦੀ ਸਭਿਅਤਾ ਲਈ ਖ਼ਤਰੇ ਦੀ ਤਬਾਹੀ ਤੋਂ ਰਾਸ਼ਟਰ ਨੂੰ ਬਚਾਇਆ ਗਿਆ ਹੈ, ਜਿਸ ਨੇ ਆਪਣੇ ਆਪ ਨੂੰ ਵਿਸ਼ਵ ਭਰ ਵਿੱਚ ਮਨੁੱਖੀ ਸਭਿਅਤਾ ਵਿੱਚ ਸੱਭਿਆਚਾਰਾਂ ਤੇ ਪ੍ਰੰਪਰਾਵਾਂ ਦੇ ਸਮੀਕਰਨ ਨਾਲ ਭਰਪੂਰ ਕੀਤਾ ਹੈ।ਲੋਕਾਂ ਨੇ ਆਪਣੀ ਮਾਤ ਭੂਮੀ ਨੂੰ ਤਾਨਾਸ਼ਾਹੀ ਦੇ ਖਤਰੇ ਤੇ ਨਫ਼ਰਤ ਅਤੇ ਧਰੁਵੀਕਰਨ ਦੇ ਸੱਭਿਆਚਾਰ ਤੋਂ ਬਚਾਇਆ ਹੈ। ਉਨ੍ਹਾਂ ਸੰਵਿਧਾਨ, ਧਰਮ ਨਿਰਪੱਖ-ਜਮਹੂਰੀਅਤ ਦੀਆਂ ਮੂਲ ਕਦਰਾਂ-ਕੀਮਤਾਂ, ਅਸਹਿਮਤੀ ਦੇ ਅਧਿਕਾਰ ਤੇ ਪ੍ਰਗਟਾਵੇ ਦੀ ਆਜ਼ਾਦੀ, ਸਾਰੇ ਧਰਮਾਂ, ਭਾਸ਼ਾਵਾਂ ਤੇ ਸੱਭਿਆਚਾਰਾਂ ਦੇ ਸਨਮਾਨ ਨੂੰ ਬਚਾਉਣ ਲਈ ਵੋਟ ਦਿੱਤੀ ਹੈ।ਲੋਕਾਂ ਦਾ ਵਿਸ਼ਵਾਸ ਪੱਧਰ ਵਧਿਆ ਹੈ ਕਿ ਤਾਨਾਸ਼ਾਹਾਂ ਦਾ ਹਮੇਸ਼ਾ ਟਾਕਰਾ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਹਰਾਇਆ ਜਾ ਸਕਦਾ ਹੈ। ਮੋਦੀ ਦੀਆਂ ਸਾਰੀਆਂ ਕੋਸ਼ਿਸ਼ਾਂ ਮਜ਼ਦੂਰਾਂ-ਕਿਸਾਨਾਂ ਦੇ ਏਜੰਡੇ, ਨੌਜਵਾਨਾਂ ਲਈ ਬੇਰੁਜ਼ਗਾਰੀ, ਸਿੱਖਿਆ ਤੇ ਪਹੁੰਚ ਦਾ ਅਧਿਕਾਰ, ਗਰੀਬ ਦੱਬੇ-ਕੁਚਲੇ ਤਬਕਿਆਂ ਦੇ ਰੋਜ਼ੀ-ਰੋਟੀ ਦੇ ਮੁੱਦੇ, ਉਨ੍ਹਾਂ ਨੂੰ ਆਸਰਾ, ਪਾਣੀ, ਉਨ੍ਹਾਂ ਨੂੰ ਸਫ਼ਾਈ ਤੇ ਨਿਆਂ ਅਤੇ ਸਨਮਾਨ ਦੇ ਬੁਨਿਆਦੀ ਅਧਿਕਾਰਾਂ ਦੇ ਨਾਲ ਪਾਸੇ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਹਨ।ਲੋਕਾਂ ਨੇ ਵੰਡ ਪਾਉਣ ਵਾਲੇ ਝੂਠ ਨਾਲ ਭਰੇ ਭਾਸ਼ਣਾਂ ਨੂੰ ਰੱਦ ਕਰ ਦਿੱਤਾ ਹੈ।ਚੁਣੀਆਂ ਹੋਈਆਂ ਰਾਜ ਸਰਕਾਰਾਂ ਨੂੰ ਉਲਟਾਉਣ ਤੇ ਆਪਣੀਆਂ ਸਰਕਾਰਾਂ ਨੂੰ ਸਥਾਪਤ ਕਰਨ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਅਤੇ ਪੈਸੇ ਦੀ ਤਾਕਤ ਦੀ ਬੇਤੁਕੀ ਵਰਤੋਂ ਬੇਕਾਰ ਹੋ ਗਈ।

ਏਟਕ ਮਜ਼ਦੂਰ ਵਰਗ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੇ ਹੱਕਾਂ ਨੂੰ ਵਾਪਸ ਜਿੱਤਣ ਤੇ ਸੁਰੱਖਿਅਤ ਕਰਨ, ਜਨਤਕ ਖੇਤਰ ਦੇ ਉਦਯੋਗਾਂ ਤੇ ਜਨਤਕ ਸੇਵਾਵਾਂ ਦੀ ਰੱਖਿਆ ਅਤੇ ਮਜ਼ਬੂਤੀ ਲਈ, ਮਜ਼ਦੂਰਾਂ ਤੇ ਕਿਸਾਨਾਂ ਵਿੱਚ ਏਕਤਾ ਨੂੰ ਮਜ਼ਬੂਤ ??ਕਰਨ, ਅਸੰਗਠਿਤ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ, ਗੈਰ-ਰਸਮੀ ਆਰਥਿਕ ਕਾਮਿਆਂ ਦੇ ਹੱਕਾਂ ਲਈ, ਰੁਜ਼ਗਾਰ ਪੈਦਾ ਕਰਨ ਲਈ, ਪਹਿਲਾਂ ਹੀ ਮਨਜ਼ੂਰ ਅਸਾਮੀਆਂ ਨੂੰ ਭਰਨ ਲਈ ਅਤੇ ਓ.ਪੀ.ਐੱਸ. ਆਦਿ ਲਈ ਆਪਣੀ ਲੜਾਈ ਨੂੰ ਹੋਰ ਜ਼ੋਰਦਾਰ ਢੰਗ ਨਾਲ ਜਾਰੀ ਰੱਖਣ ਲਈ, ਸੰਖੇਪ ਵਿੱਚ, ਦਿੱਲੀ ਵਿੱਚ ਅਗਸਤ 2022 ਦੇ ਕਿਸਾਨ-ਮਜ਼ਦੂਰ ਸੰਮੇਲਨ ਦੇ ਏਜੰਡੇ ਲਈ ਲੜਨ ਲਈ ਸਾਂਝੀ ਟਰੇਡ ਯੂਨੀਅਨ ਲਹਿਰ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਇਸ ਨੂੰ ਸਾਡੇ ਦੇਸ਼ ਤੇ ਲੋਕਾਂ ਦੇ ਹਿੱਤ ਵਿੱਚ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ।

ਘੁਬਾਇਆ ਦੇ ਘਰ ਵਧਾਈਆਂ ਦੇਣ ਵਾਲ਼ਿਆਂ ਦੀ ਲੱਗੀ ਭੀੜ, ਸਮਰਥਕਾਂ ਦਾ ਕੀਤਾ ਧੰਨਵਾਦ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਲੋਕ ਸਭਾ ਚੋਣਾਂ 'ਚ ਜਿੱਤ ਹਾਸਲ ਕਰਨ ਤੋਂ ਬਾਅਦ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਸਾਂਸਦ ਬਣੇ ਸ਼ੇਰ ਸਿੰਘ ਘੁਬਾਇਆ ਦੇ ਘਰ ਵਧਾਈ ਦੇਣ ਵਾਲਿਆਂ ਦੀ ਭਾਰੀ ਭੀੜ ਲੱਗੀ ਹੋਈ ਹੈ।ਇਸ ਦੌਰਾਨ ਵਧਾਈ ਦੇਣ ਪਹੁੰਚ ਰਹੇ ਲੋਕ ਉਨ੍ਹਾਂ ਦੇ ਗਲ 'ਚ ਹਾਰ ਪਾ ਕੇ ਉਨ੍ਹਾਂ ਨੂੰ ਵਧਾਈਆਂ ਦੇ ਰਹੇ ਹਨ।ਇਸ ਮੌਕੇ ਸਮਰੱਥਕਾਂ ਵੱਲੋਂ ਉਨ੍ਹਾਂ ਦੇ ਘਰ 'ਚ ਢੋਲ ਦੇ ਡੱਗੇ 'ਤੇ ਨੱਚ ਨੱਚ ਭੰਗੜੇ ਪਾਏ ਜਾ ਰਹੇ ਹਨ।ਸਮਰੱਥਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਸ਼ੇਰ ਸਿੰਘ ਘੁਬਾਇਆ ਹੀ ਕਰਵਾ ਸਕਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਉਹ ਇਲਾਕੇ ਦੇ ਲੋਕਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਕਰਵਾ ਕੇ ਇਲਾਕੇ ਦਾ ਪੂਰਾ ਵਿਕਾਸ ਕਰਵਾਉਣਗੇ।ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਜਿੱਤ ਹਾਸਲ ਕਰਨ ਤੋਂ ਬਾਅਦ ਸ਼ੇਰ ਸਿੰਘ ਘੁਬਾਇਆ ਤੇ ਉਨ੍ਹਾਂ ਦੇ ਲੜਕੇ ਦਵਿੰਦਰ ਘੁਬਾਇਆ ਨੇ ਸਾਰੇ ਸਮਰੱਥਕਾਂ ਦਾ ਧੰਨਵਾਦ ਕੀਤਾ ਹੈ।ਇਸ ਮੌਕੇ ਸ਼ੇਰ ਸਿੰਘ ਘੁਬਾਇਆ ਨੇ ਸਾਰੇ ਸਮਰੱਥਕਾਂ ਦਾ ਤਹਿਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਵਿੱਚ ਜਿੱਤ ਹਾਸਲ ਹੋਈ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਵੀ ਸਾਂਸਦ ਰਹਿੰਦਿਆਂ ਵਿਕਾਸ ਦੇ ਕੰਮਾਂ ਵੱਲ ਪਹਿਲ ਦੇ ਆਧਾਰ 'ਤੇ ਧਿਆਨ ਦਿੱਤਾ ਜਾਂਦਾ ਸੀ।ਇਸ ਲਈ ਲੋਕਾਂ ਨੇ ਉਨ੍ਹਾਂ ਦੇ ਕੰਮਾਂ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਨੂੰ ਜਿੱਤ ਹਾਸਲ ਕਰਵਾਈ ਹੈ।ਉਨ੍ਹਾਂ ਕਿਹਾ ਕਿ ਇਸ ਜਿੱਤ ਤੋਂ ਬਾਅਦ ਉਨ੍ਹਾਂ ਵੱਲੋਂ ਸਾਰੇ ਰਹਿੰਦੇ ਵਿਕਾਸ ਕੰਮ ਪੂਰੇ ਕਰਵਾਉਣ ਵਿੱਚ ਕੋਈ ਕੋਰ ਕਸਰ ਨਹੀਂ ਛੱਡੀ ਜਾਵੇਗੀ।ਇਸ ਮੌਕੇ ਸਾਬਕਾ ਵਿਧਾਇਕ ਤੇ ਸ਼ੇਰ ਸਿੰਘ ਘੁਬਾਇਆ ਦੇ ਲੜਕੇ ਦਵਿੰਦਰ ਘੁਬਾਇਆ ਨੇ ਵੀ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਵੀ ਬਹੁਤ ਸਾਰੇ ਵਿਕਾਸ ਕੰਮ ਕੀਤੇ ਗਏ ਸਨ।ਇਸ ਲਈ ਲੋਕਾਂ ਨੇ ਉਨ੍ਹਾਂ ਕੰਮਾਂ ਦੇ ਅਧਾਰ 'ਤੇ ਹੀ ਉਨ੍ਹਾਂ ਨੂੰ ਵੋਟਾਂ ਪਾਈਆਂ ਹਨ, ਜਿਸ ਨਾਲ ਉਨ੍ਹਾਂ ਦੇ ਪਿਤਾ ਨੇ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਜਿੱਤ ਹਾਸਲ ਕੀਤੀ ਹੈ।ਉਨ੍ਹਾਂ ਵੱਲੋਂ ਵੀ ਬਾਕੀ ਰਹਿੰਦੇ ਵਿਕਾਸ ਕੰਮਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।ਓਧਰ ਇਸ ਮੌਕੇ ਪਹੁੰਚੇ ਸ਼ੇਰ ਸਿੰਘ ਘੁਬਾਇਆ ਦੇ ਸਮਰੱਥਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਵੱਡੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸ਼ੇਰ ਸਿੰਘ ਘੁਬਾਇਆ ਨੇ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਜਿੱਤ ਹਾਸਲ ਕੀਤੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਸ਼ੇਰ ਸਿੰਘ ਘੁਬਾਇਆ ਹੀ ਕਰਵਾ ਸਕਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਉਹ ਇਲਾਕੇ ਦੇ ਲੋਕਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਕਰਵਾ ਕੇ ਇਲਾਕੇ ਦਾ ਪੂਰਾ ਵਿਕਾਸ ਕਰਵਾਉਣਗੇ।ਇਸ ਮੌਕੇ ਪਹੁੰਚੇ ਬਾਰਡਰ ਪੱਟੀ ਦੇ ਲੋਕਾਂ ਨੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਸ਼ੇਰ ਸਿੰਘ ਘੁਬਾਇਆ ਉਨ੍ਹਾਂ ਦੇ ਇਲਾਕੇ ਦੀਆਂ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ।ਪਿਛਲੇ ਸਮੇਂ ਦੌਰਾਨ ਉਨ੍ਹਾਂ ਦੇ ਸਾਂਸਦ ਰਹਿੰਦਿਆਂ ਹੋਇਆਂ ਹੀ ਉਨ੍ਹਾਂ ਦੇ ਇਲਾਕੇ ਦਾ ਵਿਕਾਸ ਹੋਇਆ ਸੀ।ਇਸ ਲਈ ਇੱਕ ਵਾਰ ਫਿਰ ਉਨ੍ਹਾਂ ਵੱਲੋਂ ਸਾਂਸਦ ਬਣਨ ਤੋਂ ਬਾਅਦ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਇਲਾਕੇ ਦਾ ਪੂਰਾ ਵਿਕਾਸ ਹੋਵੇਗਾ।ਨਾਲ ਹੀ ਉਨ੍ਹਾਂ ਕਿਹਾ ਕਿ ਪਿਛਲੇ ਸਾਲ ਹੜਾਂ ਦੌਰਾਨ ਸੜਕਾਂ ਕਾਫੀ ਟੁੱਟ ਗਈਆਂ ਸਨ, ਜਿਸ ਦੀ ਅਜੇ ਤੱਕ ਕੋਈ ਮੁਰੰਮਤ ਨਹੀਂ ਕਰਵਾਈ ਗਈ।ਇਸ ਦੇ ਇਲਾਵਾ ਉਨ੍ਹਾਂ ਦੀਆਂ ਜ਼ਮੀਨਾਂ ਕੱਚੀਆਂ ਕਰ ਦਿੱਤੀਆਂ ਗਈਆਂ ਸਨ, ਜਿਨ੍ਹਾਂ ਨੂੰ ਅਜੇ ਤੱਕ ਪੱਕਾ ਨਹੀਂ ਕੀਤਾ ਗਿਆ।ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੇਵਲ ਸ਼ੇਰ ਸਿੰਘ ਘੁਬਾਇਆ ਹੀ ਕਰਵਾ ਸਕਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਉਹ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਵਾਉਣਗੇ।

ਕਾਤਰਾਂ

ਸੰਗਰੂਰ ਦੇ ਇਨਕਲਾਬੀ ਲੋਕਾਂ ਨਫ਼ਰਤ ਦੀ ਰਾਜਨੀਤੀ ਨੂੰ ਨਕਾਰਿਆ : ਚੱਠਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਕਨਵੇਅਰ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਉਮੀਦਵਾਰ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਸੰਗਰੂਰ ਲੋਕ ਸਭਾ ਹਲਕੇ ਦੇ ਲੋਕਾਂ ਨੇ ਪੰਜਾਬ ਸਰਕਾਰ ਦੇ ਸਵਾ ਦੋ ਸਾਲ ਦੇ ਕਾਰਜਕਾਲ ਦੌਰਾਨ ਲੋਕ ਹਿੱਤ ਵਿਚ ਕੀਤੇ ਕੰਮਾਂ ਦੇ ਹੱਕ ਵਿਚ ਫਤਵਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਖੇਤੀਬਾੜੀ ਲਈ ਨਿਰਵਿਘਨ ਬਿਜਲੀ ਸਪਲਾਈ ਅਤੇ ਘਰੇਲੂ ਖਪਤ ਲਈ ਮੁਫ਼ਤ ਬਿਜਲੀ ਸਪਲਾਈ, ਨਹਿਰੀ ਪਾਣੀ ਦੀ ਸਪਲਾਈ ਆਦਿ ਕੰਮਾਂ ਉਪਰ ਹਲਕੇ ਦੇ ਲੋਕਾਂ ਨੇ ਮੋਹਰ ਲਾਈ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਪੰਜਾਬ ਦੇ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਜਿਲ੍ਹਾ ਸੰਗਰੂਰ ਦੇ ਇਨਕਲਾਬੀ ਲੋਕਾਂ ਨੇ ਨਫ਼ਰਤ ਦੀ ਰਾਜਨੀਤੀ ਨੂੰ ਨਕਾਰਦਿਆਂ ਬਾਹਰਲੇ ਉਮੀਦਵਾਰਾਂ ਨੂੰ ਪੁੱਠੇ ਪੈਰੀਂ ਵਾਪਸ ਭੇਜਿਆ ਹੈ।

ਨਜਾਇਜ਼ ਸੰਬੰਧਾਂ ਕਾਰਨ ਪਤਨੀ ਦੀ ਕੁੱਟਮਾਰ, ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪਤਨੀ ਦੇ ਨਜਾਇਜ਼ ਸਬੰਧਾਂ ਨੂੰ ਪਤੀ ਵੱਲ ਰੋਕਣ 'ਤ

ਚੋਰੀ ਦੇ ਮੋਟਰਸਾਈਕਲਾਂ ਸਮੇਤ ਮੁਲਜ਼ਮ ਗ੍ਰਿਫ਼ਤਾਰ

ਜ਼ੀਰਾ (ਨਰਿੰਦਰ ਅਨੇਜਾ)-ਪੰਜਾਬ ਸਰਕਾਰ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਾਣਯੋਗ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਸ ਫਿਰੋਜ਼ਪੁਰ ਰੇਂਜ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਸੋਮਿਆ ਮਿਸ਼ਰਾ ਆਈ.ਪੀ.ਐੱਸ ਸੀਨੀਅਰ ਕਪਤਾਨ ਪੁਲਸ ਫਿਰੋਜ਼ਪੁਰ ਦੀ ਅਗਵਾਈ ਹੇਠ ਸ੍ਰੀ ਰਣਧੀਰ ਕੁਮਾਰ ਆਈ.ਪੀ.ਐੱਸ ਕਪਤਾਨ ਪੁਲਸ ਇੰਨਵੈਸਟੀਗੇਸ਼ਨ ਫਿਰੋਜ਼ਪੁਰ ਅਤੇ ਸ੍ਰੀ ਗੁਰਦੀਪ ਸਿੰਘ ਪੀ.ਪੀ.ਐੱਸ. ਉੱਪ ਕਪਤਾਨ ਪੁਲਸ (ਸ:ਡ) ਜ਼ੀਰਾ ਦੀ ਨਿਗਰਾਨੀ ਹੇਠ ਇੰਸ. ਕੰਵਲਜੀਤ ਰਾਏ, ਮੁੱਖ ਅਫਸਰ ਥਾਣਾ ਸਿਟੀ ਜ਼ੀਰਾ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਸਾਹਿਲ ਪੁੱਤਰ ਮਲਕੀਤ ਸਿੰਘ ਵਾਸੀ ਮੱਲੂਵਾਲੀਆਂ ਥਾਣਾ ਮੱਲਾਂਵਾਲਾ ਤੋਂ ਤਿੰਨ ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ ਗਏ। ਥਾਣਾ ਸਿਟੀ ਜ਼ੀਰਾ ਪੁਲਸ ਨੇ ਮੁਕੱਦਮਾ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਦਿ ਐੱਜ ਓਵਰਸੀਜ਼ ਕੰਸਲਟੈਂਟ ਵਿਖੇ ਇਨ ਹਾਊਸ ਸਟੱਡੀ ਸੈਮੀਨਾਰ ਅੱਜ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਥਾਨਕ ਏ ਪੀ ਇੰਨਕਲੇਵ ਵਿਖੇ ਸਥਿਤ ਦਿ ਐੱਜ ਓਵਰਸੀਜ਼ ਕੰਸਲਟੈਂਟ ਧੂਰੀ ਦੇ ਚੀਫ ਮੈਨੇਜਿੰਗ ਡਾਇਰੈਕਟਰ ਜਗਸੀਰ ਸਿੰਘ ਜੱਗੀ ਢੀਂਡਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਦੇਸ਼ ਜਾਣ ਦੇ ਮਾਸਟਰ ਤੇ ਬੈਚੂਲਰ ਪ੍ਰੋਗਰਾਮ ਦੇ ਵਿਦਿਆਰਥੀਆਂ ਨੂੰ ਕੈਨੇਡਾ ਵੀਜ਼ਿਆਂ ਬਾਰੇ ਜਾਣਕਾਰੀ ਦੇਣ ਲਈ ਟਰਾਨਿਟੀ ਵੈਸਟਰਨ ਯੂਨੀਵਰਸਿਟੀ ਵੱਲੋਂ ਇੱਕ ਸੈਮੀਨਾਰ ਉਨ੍ਹਾਂ ਦੇ ਦਫ਼ਤਰ ਵਿਖੇ 7 ਜੂਨ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸੈਮੀਨਾਰ ਵਿੱਚ ਕੈਨੇਡਾ ਯੂਨੀਵਰਸਿਟੀ ਦੇ ਨੁਮਾਇੰਦੇ ਜਿੱਥੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦੇਣਗੇ, ਉਥੇ ਉਨ੍ਹਾਂ ਨੂੰ ਸਤੰਬਰ 2024 ਤੇ ਜਨਵਰੀ 2025 ਦੇ ਇੰਨਟੇਕ ਦੇ ਵੱਖ ਵੱਖ ਕੋਰਸਾਂ ਬਾਰੇ ਜਾਣਕਾਰੀ ਦੇਣਗੇ।ਉਨ੍ਹਾਂ ਇਹ ਵੀ ਦੱਸਿਆ ਕਿ ਮਾਸਟਰ ਡਿਗਰੀ ਲਈ ਸਪਾਊਸ ਵੀਜ਼ੇ 'ਤੇ ਜਾਣ ਵਾਲੇ ਉਮੀਦਵਾਰ ਵੀ ਯੋਗ ਹੋਣਗੇ।ਉਨ੍ਹਾਂ ਦੀ ਕੰਪਨੀ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਸਫਲਤਾ ਪੂਰਵਕ ਵੀਜ਼ੇ ਲਗਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਅਕਤੀ ਦੀ ਵੀਜ਼ਾ ਪ੍ਰੋਫਾਈਲ ਤਿਆਰ ਕਰਨ ਵਿੱਚ ਕੰਸਲਟੈਂਟ ਦਾ ਵੱਡਾ ਰੋਲ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਨਵੇਂ ਦੇ ਸਟੱਡੀ ਰੂਲਾਂ ਵਿੱਚ ਕਾਫੀ ਤਬਦੀਲੀ ਹੋ ਗਈ ਹੈ।

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਟੈਂਡਰ ਨੋਟਿਸ ਨੰ: 08/2024-25 ਮਿਤੀ : 27.05.2024

ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀ. ਮੰਡਲ ਸਾਮਗਰੀ ਪ੍ਰਬੰਧਕ/ਉੱਤਰ ਰੇਲਵੇ/ਭੰਡਾਰ ਬਰਾਂਚ/ਫ਼ਿਰੋਜ਼ਪੁਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ-ਟੈਂਡਰ ਮੰਗ ਕੀਤੀ ਜਾਂਦੀ ਹੈ:-

ਲ. ਨੰ:	ਟੈਂਡਰ ਨੰ:	ਮਾਲ ਦਾ ਵੇਰਵਾ	ਮਾਤਰਾ	ਟੈਂਡਰ ਖੁਲਣ ਦੀ ਮਿਤੀ
1.	94245577	LIGHT WEIGHT PORTABLE LED BASED TOWER LIGHT (TELESCOPIC) with Genset and Battery bank. Technical Specification as per Annexure attached	15+10=25 Nos	24.06.2024

ਟੈਂਡਰ ਸ਼ਰਤਾਂ:- IREPS ਦੀ ਵੈਬਸਾਈਟ www.ireps.gov.in ਉਤੇ ਉਪਲਬਧ ਹੈ । ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ ਤਾਂ ਪ੍ਰਾਪਤ ਕਰਨਾ ਹੋਵੇਗਾ) ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ । 1680/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

GURU NANAK AYURVEDIC MEDICAL COLLEGE & RI.

GOPALPUR. M : 81960-75888

REQUIRED STAFF

ASSOCIATE PROFESSOR

KRIYA SHARIR • SHALYA TANTRA • SWASTHAVRITTA

ASSISTANT PROFESSOR

AGAD TANTRA • PRASUTI TANTRA • SHALAKYA TANTRA • KUMAR BHRITYA

MBBS / MD

RADIODIAGNOSIS • ANAESTHESIA • PATHOLOGIST

REQUIREMENT: - Information Technology Officer (B.Tech/ MCA/BCA), UPVAID (D.Pharma-AYU), Librarian (B-Lib.) Medical Officer (MBBS/BAMS), BAMS - MBA (Hospital Management), Clerk (B.Sc/ BA), Lab Technician (DMLT), B-Pharma (AYU), BAMS - Dip in Yoga, MBA- Quality Mngt, BPED, BE-Civil. Staff Nurse, ECG Tech, Panchkarma Therapist, Multipurpose Staff(10+2)

Email: jobgnes@gmail.com. M. 81960-75888 PRINCIPAL

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਟੈਂਡਰ ਸੂਚਨਾ

ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀ. ਮੰਡਲ ਸਾਮਗਰੀ ਪ੍ਰਬੰਧਕ/ਉੱਤਰ ਰੇਲਵੇ/ਭੰਡਾਰ ਬਰਾਂਚ/ਫ਼ਿਰੋਜ਼ਪੁਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ-ਟੈਂਡਰ ਮੰਗ ਕੀਤੀ ਜਾਂਦੀ ਹੈ:-

ਲ. ਨੰ:	ਟੈਂਡਰ ਨੰਬਰ	ਮਾਲ ਦਾ ਵੇਰਵਾ	ਮਾਤਰਾ	ਟੈਂਡਰ ਖੁਲਣ ਦੀ ਮਿਤੀ
01	94245046A	Rotary screw electrical driven air compressor of Capacity - 300 CFM, 10 Kg/cm2. as per specification attached	03 Nos	27.06.2024

ਟੈਂਡਰ ਸ਼ਰਤਾਂ ireps ਦੀ ਵੈਬਸਾਈਟ www.ireps.gov.in ਉਤੇ ਉਪਲਬਧ ਹੈ । ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ । ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ ।

ਟੈਂਡਰ ਨੋਟਿਸ ਨੰ: 09/2024-25 ਮਿਤੀ : 29.05.2024 1677/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (54 ਆਫ 2002) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀਮਤੀ ਕੰਵਲਜੀਤ ਕੌਰ ਪਤਨੀ ਸ੍ਰੀ ਅਮਰੀਕ ਸਿੰਘ ਵਾਸੀ ਕਤਲੀ, ਰੂਪਨਗਰ, ਪੰਜਾਬ-140001 (2) ਸ੍ਰੀ ਅਮਰੀਕ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਵਾਸੀ ਕਤਲੀ, ਰੂਪਨਗਰ, ਰੋਪੜ, ਪੰਜਾਬ-140001 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਬਹਾਦੁਰ ਸਿੰਘ ਪੁੱਤਰ ਸ੍ਰੀ ਮਲਹਾਰਾ ਸਿੰਘ ਵਾਸੀ ਬਾੜਾ ਬੰਦੇ ਮਹਿਲ, ਰੂਪਨਗਰ, ਪੰਜਾਬ-140111 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਨੋਟਿਸ 'ਚ ਦੱਸੀ ਬਕਾਇਆ ਰਕਮ ਐੱਚ ਐੱਲ/109611000018 'ਚ ਰੁਪਏ 31,35,976.01 ਅਤੇ ਡਬਲਯੂ ਸੀ ਟੀ ਐੱਲ/109612000075 'ਚ ਰੁਪਏ 2,59,358.40 ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਾਉਣ ਲਈ 27.02.2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/109611000018 'ਚ ਰੁਪਏ 31,35,976.01 ਅਤੇ ਡਬਲਯੂ ਸੀ ਟੀ ਐੱਲ/109612000075 'ਚ ਰੁਪਏ 2,59,358.40 ਬਕਾਇਆ ਰਕਮ ਮਿਤੀ 01.02.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2021-22/35/1/170 ਮਿਤੀ 16.04.2021 ਅਨੁਸਾਰ ਸ੍ਰੀਮਤੀ ਕੰਵਲਜੀਤ ਕੌਰ ਪਤਨੀ ਅਮਰੀਕ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 8 ਮਰਲੇ, ਸਾਹਿਬਜ਼ਾਦਾ ਜੁਝਾਰ ਸਿੰਘ ਨਗਰ, ਪਿੰਡ ਛੋਟੀ ਹਵੇਲੀ, ਹਦਬਸਤ ਨੰ. 48, ਤਹਿਸੀਲ ਤੇ ਜ਼ਿਲ੍ਹਾ ਰੂਪਨਗਰ ਨਾਲ ਸੰਬੰਧਤ ਸਭ ਕੁਝ।

ਮਿਤੀ : 05.06.2024, ਸਥਾਨ : ਰੋਪੜ/ਪੰਜਾਬ (ਅਧਿਕਾਰਤ ਅਫਸਰ)

COURT NOTICE

(U/o 5 Rule 20 CPC)
In the Court of
Sh. Dharmider Paul Singla
Additional Distt. and Sessions Judge-1, Jalandhar
CNR No. PBJL01-004597-2023
Next Date :- 24-07-2024

1) PEE PEE Marketing
(Through its proprietor, Parveen Jaswal S/o Brig. J.S. Jaswal, VC, SM, Wazir Enclave, opposite Bansal Palace, Jalandhar.) (Appellant)
Vs.
1) M/S PC Life Line and Mobile Care
(Through its proprietor Kamalpreet Singh Arora S/o Gurbachan Singh, opposite the Hoshiarpur Central, Co-op. Bank, Railway Road Garhshankar, District Hoshiarpur) (Respondents)

Publication Issued to :
1) M/S PC Life Line and Mobile Care
(Through its proprietor Kamalpreet Singh Arora S/o Gurbachan Singh, opposite the Hoshiarpur Central Co-op. Bank, Railway Road Garhshankar, District Hoshiarpur)
2) Kamalpreet Singh Arora S/o Gurbachan Singh proprietor M/S PC Life Line and Mobile Care. H. No. 920, Main Bazar Ward No. 7, Garhshankar, District Hoshiarpur.

In above titled case, the defendant(s)/ respondent(s) could not be served. It is ordered that defendant (s)/ respondent (s) should appear in person or through counsel on 24.07.2024 at 10:00 A.M.

For details logon to https://highcourtchd.gov.in/?trs=district_notice&district= Jalandhar

Additional Distt. and Sessions Judge-1, Jalandhar
Dated this day of 31-05-2024

COURT NOTICE

(U/o 5 Rule 20 CPC)
In the Court of
Sh. Baljinder Singh-III
Civil Judge, (Senior Division), Jalandhar
CNR No. PBJL02-005016-2023
Next Date :- 15-07-2024
Exe/1156/2023

Atma Ram Vs. Pretty

Execution application to execute the order dated 21.07.2023 Passed by the Court

Publication Issued to :
1. Pretty W/o Sukhdev Raj Resident of house No. 3251, New Dashmesh Nagar, Haripur Road, Adampur, District Jalandhar, Through Sukhdev Raj S/o Sh. Ram Lal.
2. Sukhdev Raj S/o Sh. Ram Lal Resident of House No. 3251, New Dashmesh Nagar, Haripur Road, Adampur, District Jalandhar.

In above titled case, the defendant(s)/respondent(s) could not be served. It is ordered that defendant (s)respondent(s) should appear in person or through counsel on 15.07.2024 at 10:00 a.m.

For details logon to https://highcourtchd.gov.in/?trs=district notice&district=Jalandhar

Civil Judge, (Senior Division), Jalandhar
Dated this day of 20-05-2024

COURT NOTICE

(U/o 5 Rule 20 CPC)
In the Court of
Ms. Deepika Singh
Additional Principal Judge, Family Court, Samana
CNR No. PBPTF4-000193-2024
Next Date :- 01-08-2024

Jagmeet Singh
Vs.
Prabhjot Kaur

Publication Issued to :
Prabhjot Kaur W/o Jagmeet Singh (Daughter of Baljit Singh) Resident of Ward No. 11, VPO Ghagga, Tehsil Patran, Distt. Patiala.

In above titled case, the defendant(s)/respondent(s) could not be served. It is ordered that defendant (s)respondent(s) should appear in person or through counsel on 01.08.2024 at 10:00 a.m.

For details logon to https://highcourtchd.gov.in/?trs=district notice&district=Patiala

Additional Principal Judge, Family Court, Samana
Dated this day of 05-06-2024

COURT NOTICE

Court Notice
(U/o 5 Rule 20 CPC)
In the Court of
Ms. Rashmi Sharma
Additional Principal Judge, Family Court-1, Jalandhar
CNR No. PBJL01-005918-2024
Next Date :- 20-07-2024

Gurminder Singh
Vs.
Komal Sharma

Petition Under Guardian and Ward Act
Publication Issued to :
General Public
:- General Public

In above titled case, the defendant(s)/respondent(s) could not be served. It is ordered that defendant (s)respondent(s) should appear in person or through counsel on 20.07.2024 at 10:00 a.m.

For details logon to https://highcourtchd.gov.in/?trs=district notice&district=Jalandhar

Additional Principal Judge, Family Court-1, Jalandhar
Dated this day of 05-06-2024

BAJAJ FINANCE LIMITED

BAJAJ FINANCE

Corporate office: 3rd Floor, Bajaj Finsery Panchshil Tech Park Viman Nagar, Pune Maharashtra, India -411014.
Branch Office: Upper Ground Floor Opp. Chilling Centre, Near Auto Market Punjab Diagnostic Centre, Main Sirsa-Mansa Road, Sardulgarh - 151507.

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਮੈਸ : ਬਜਾਜ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫਸਰ ਨੇ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਨੋਟਿਸ ਦਿੱਤਾ ਹੈ ਜੋ ਕਿ ਆਪਣੀਆਂ ਦੇਣਦਾਰੀਆਂ ਨਿਪਟਾਉਣ 'ਚ ਅਸਫਲ ਰਹੇ ਹਨ, ਜੋ ਕਿ ਬਜਾਜ ਹਾਊਸਿੰਗ ਫਾਇਨਾਂਸ ਲਿਮਟਿਡ ਵੱਲੋਂ ਹੋਮ ਲੋਨ/ਜਾਇਦਾਦ ਵਿਰੁੱਧ ਲੋਨ ਦੇ ਰੂਪ 'ਚ ਪੇਸ਼ਗੀ ਦਿੱਤਾ ਗਿਆ ਸੀ ਦੇ ਮੂਲ ਦੇ ਨਾਲ-ਨਾਲ ਇਸ ਉਪਰ ਵਿਆਜ ਅਤੇ ਹੋਰ ਚਾਰਜਿਜ ਦੀ ਵਾਪਸ ਅਦਾਇਗੀ ਕਰਨ 'ਚ ਅਸਫਲ ਰਹੇ ਹਨ ਅਤੇ ਨਤੀਜੇ ਵਜੋਂ ਲੋਨ ਨਾਨ ਪ੍ਰਫਾਰਮਿੰਗ ਐੱਸਟਸ ਹੋ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਤੇ ਇਸ ਦੇ ਰੂਲਜ਼ ਅਨੁਸਾਰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਬਕਾਇਦਾ ਨੋਟਿਸ ਜਾਰੀ ਕੀਤੇ ਸਨ, ਬੇਸ਼ੱਕ ਉਹ ਬਿਨਾਂ ਤਾਮੀਲ/ਅਣਵੰਡੇ ਵਾਪਸ ਆ ਗਏ ਹਨ, ਇਸ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਇਸ ਪ੍ਰਕਾਸ਼ਨਾ ਨੋਟਿਸ ਰਾਹੀਂ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਪ੍ਰਾਪਤ ਕੀਤੀਆਂ ਗਈਆਂ ਕਰਜ਼ਾ ਸਹੂਲਤਾਂ ਦੇ ਬਕਾਏ ਬਾਰੇ ਸਪੱਸ਼ਟੀਕਰਨ ਲਈ ਸੂਚਨਾ/ਜਾਣਕਾਰੀ ਦਿੱਤੀ ਗਈ ਹੈ।

ਕਰਜ਼ਾ ਖਾਤਾ ਨੰ./ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਦੇ ਨਾਂਅ ਅਤੇ ਪਤੇ	ਸਕਿਉਰਡ/ਰਹਿਣ ਅਚੱਲ ਐੱਸਟ/ਲਾਗੂ ਕੀਤੀ ਜਾਣ ਵਾਲੀ ਜਾਇਦਾਦ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ
ਸ਼ਾਖਾ : ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਕਰਜ਼ਾ ਖਾਤਾ ਨੰ. ਪੀ 87 ਐੱਚ ਪੀ ਬੀ ਐੱਲ 58527-74, ਪੀ 87 ਐੱਚ ਪੀ ਐੱਵ ਵੀ 7984649, ਪੀ 87 ਐੱਚ ਪੀ ਐੱਵ ਬੀ 7987095 (1) ਦੇਵ ਕੁਮਾਰ ਪੁੱਤਰ ਸ੍ਰੀ ਕੇਰ ਸੇਨ ਵਾਸੀ ਵਾਰਡ ਨੰ. 7, ਸਰਦੂਲਗੜ੍ਹ, ਮਾਨਸਾ 151507, ਨਾਲ ਹੀ : ਮੈਸ: ਸ਼ੁਭਮ ਇੰਟਰਪ੍ਰਾਈਜਸ ਦੁਕਾਨ ਨੰ. 507, ਪੁਰਾਣਾ ਬਜ਼ਾਰ, ਸਰਦੂਲਗੜ੍ਹ, ਨੇੜੇ ਗੁਰੂਘਰ ਗੁਰਦੁਆਰਾ, ਮਾਨਸਾ, ਪੰਜਾਬ-151505, ਨਾਲ ਹੀ : ਖਸਰਾ ਨੰ. 312//271 (0-15-4.50) 271 (0-3-4.50) 271 (0-12) ਖੇਵਟ ਨੰ. 698-698/2334/2336, ਸਰਦੂਲਗੜ੍ਹ, ਮਾਨਸਾ-151507-ਨਾਲ ਹੀ : ਖੇਵਟ ਨੰ. 604/2249-51, ਖਸਰਾ ਨੰ. 312//271 ਮਿਨ (0-15-4.50) 372//271 ਮਿਨ (0-12), ਵਾਕਿਆ ਰਕਬਾ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ-151507 (2) ਸ੍ਰੀਮਤੀ ਰੇਨੂ ਰਾਣੀ ਵਾਸੀ ਵਾਰਡ ਨੰ. 13, ਸਰਦੂਲਗੜ੍ਹ, ਮਾਨਸਾ 151507	(1) ਖਸਰਾ ਨੰ. 312

7-JUNE-PAGE-7.qxd 6/6/2024 10:39 PM Page 1

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਮਨਾਇਆ ਕਾਲਾ ਦਿਨ ਤੇ ਡੀ ਸੀ ਨੂੰ ਰਾਸ਼ਟਰਪਤੀ ਦੇ ਨਾਂਅ ਸੌਂਪਿਆ ਮੰਗ ਪੱਤਰ

ਸਾਕਾ ਨੀਲਾ ਤਾਰਾ ਦੇ ਵਿਰੋਧ 'ਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਡੀਸੀ ਨੂੰ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਸੌਂਪਦੇ ਹੋਏ।

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਨੇ ਫ਼ਿਰੋਜ਼ਪੁਰ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ ਦੀ ਅਗਵਾਈ ਵਿੱਚ ਕਾਲਾ ਦਿਨ ਵਜੋਂ ਮਨਾਇਆ ਗਿਆ ਤੇ ਡੀਸੀ ਰਾਜੇਸ਼ ਧੀਮਾਨ ਨੂੰ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਸੂਬਾ ਜਰਨਲ ਸਕੱਤਰ ਗੁਰਮੀਤ ਸਿੰਘ ਮਹਿਮਾ ਤੇ ਪ੍ਰੈਸ ਸਕੱਤਰ ਅਵਤਾਰ ਸਿੰਘ ਮਹਿਮਾ ਤੋਂ ਇਲਾਵਾ ਜ਼ਿਲ੍ਹਾ ਅਤੇ ਵੱਖ-ਵੱਖ ਬਲਾਕਾਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

ਜ਼ਿਲ੍ਹਾ ਪ੍ਰੈਸ ਸਕੱਤਰ ਗੁਰਭੇਜ ਸਿੰਘ ਟਿੱਬੀ ਕਲਾਂ ਨੇ ਦੱਸਿਆ ਕਿ 40 ਸਾਲ ਪਹਿਲਾਂ 1 ਜੂਨ 1984 ਨੂੰ ਭਾਰਤ ਦੀ ਸਰਕਾਰ ਵੱਲੋਂ ਸਿੱਖਾਂ ਦੀ ਸਰਬ ਉੱਚ ਸੰਸਥਾ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਹਜ਼ਾਰਾਂ ਬੇਦੋਸ਼ੇ ਲੋਕਾਂ ਨੂੰ ਮਾਰਿਆ ਗਿਆ ਸੀ, ਜਿਸ ਨਾਲ ਦੇਸ਼ ਦੁਨੀਆਂ ਅੰਦਰ ਰਹਿੰਦੇ ਸਿੱਖਾਂ ਦੇ ਹਿਰਦੇ ਵਲੂੰਦਰੇ ਗਏ ਸਨ ਅਤੇ ਹੁਣ ਤੱਕ ਵੀ ਸਿੱਖ ਭਾਈਚਾਰਾ ਇਨਸਾਫ਼ ਦੀ ਉਡੀਕ ਵਿੱਚ ਹੈ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ 10 ਸਾਲ ਪੰਜਾਬ ਦੀ ਧਰਤੀ ਉੱਪਰ ਬੇਦੋਸ਼ੇ ਸਿੱਖ ਨੌਜਵਾਨਾਂ ਦਾ ਕਤਲੇਆਮ ਅਤੇ ਭਾਰਤੀ ਏਜੰਸੀਆਂ ਵੱਲੋਂ ਪੰਜਾਬੀ ਹਿੰਦੂਆਂ ਦੇ ਕਤਲ ਕਰਾ ਕੇ ਪੰਜਾਬੀ ਭਾਈਚਾਰੇ ਵਿੱਚ ਪਾਠਕ ਵੀ ਪਾਇਆ ਤੇ 10 ਸਾਲ ਪੰਜਾਬੀਆਂ ਦਾ ਖੂਨ ਵੀ ਵਹਾਇਆ। ਉਨ੍ਹਾਂ ਕਿਹਾ ਕਿ 6 ਜੂਨ ਨੂੰ ਤਹਿਸੀਲ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਦਿਆਂ ਹੋਇਆ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ ਭੇਜਿਆ ਗਿਆ।

ਇਸ ਵਿੱਚ ਮੰਗ ਕੀਤੀ ਗਈ ਕਿ ਸਿੱਖਾਂ ਦੀ ਸਰਵਉਚ ਸੰਸਥਾ ਉੱਪਰ ਹਮਲਾ ਕਰਕੇ ਬੇਦੋਸ਼ੇ ਸਿੱਖਾਂ ਦਾ ਕਤਲੇਆਮ ਕਰਨ ਅਤੇ ਪੰਜਾਬ ਦੇ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਦਾ ਕਤਲ ਕਰਾਉਣ ਲਈ ਜ਼ਿੰਮੇਵਾਰ ਕੇਂਦਰ ਸਰਕਾਰ ਪਾਰਲੀਮੈਂਟ ਵਿੱਚ ਪੰਜਾਬੀਆਂ ਤੇ ਸਿੱਖਾਂ ਤੋਂ ਮਾਫ਼ੀ ਮੰਗੇ ਤੇ ਇਸ ਕਤਲੇਆਮ ਲਈ ਦੋਸ਼ੀ ਲੋਕਾਂ ਨੂੰ ਸਖਤ ਸਜ਼ਾਵਾਂ ਦੇਵੇ।

ਮੀਤ ਹੇਅਰ ਦੀ ਜਿੱਤ 'ਚ ਹਲਕਾ ਧੂਰੀ ਦੀ ਰਹੀ ਅਹਿਮ ਭੂਮਿਕਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

ਦੇਸ਼ ਭਰ ਦੀਆਂ 19ਵੀਂ ਲੋਕ ਸਭਾ ਦੇ ਆਏ ਨਤੀਜਿਆਂ ਨੇ ਦੇਸ਼ ਭਰ ਵਿੱਚ ਰਾਜਨੀਤਕ ਪਾਰਟੀਆਂ ਨੂੰ ਆਪਣੇ ਰਾਜਨੀਤਿਕ ਪਿਆਰ ਤੋਂ ਜਾਣੂ ਕਰਾ ਦਿੱਤਾ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਗੜ੍ਹ ਮੰਨੇ ਜਾਂਦੇ ਲੋਕ ਸਭਾ ਹਲਕਾ ਸੰਗਰੂਰ ਵਿੱਚ ਪਾਰਟੀ ਦੇ ਉਮੀਦਵਾਰ ਨੌਜਵਾਨ ਆਗੂ ਗੁਰਮੀਤ ਸਿੰਘ ਮੀਤ ਹੇਅਰ ਨੇ ਕਰੀਬ ਇੱਕ ਲੱਖ 72 ਹਜਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਕਾਂਗਰਸ ਦੇ ਦਿੱਗਜ ਨੇਤਾ ਸੁਖਪਾਲ ਸਿੰਘ ਖਹਿਰਾ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਨੂੰ ਸਿਆਸੀ ਚਿੱਤ ਕਰ ਦਿੱਤਾ ਹੈ।ਇਸ ਵਾਰ ਹੋਈ ਲੋਕ ਸਭਾ ਚੋਣ ਵਿੱਚ ਜਿੱਥੇ ਹਲਕਾ ਧੂਰੀ ਵਿੱਚ ਮੁੱਖ ਮੰਤਰੀ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ, ਭੈਣ ਮਨਪ੍ਰੀਤ ਕੌਰ ਤੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਵੱਲੋਂ ਦਿਨ-ਰਾਤ ਇੱਕ ਕਰਕੇ ਉਪਰੋਥਲੀ ਰੈਲੀਆਂ ਕੀਤੀਆਂ ਗਈਆਂ ਅਤੇ ਲੋਕਾਂ ਨਾਲ ਹੇਠਲੇ ਪੱਧਰ 'ਤੇ ਲੋਕਾਂ ਨਾਲ ਰਾਬਤਾ ਕਾਇਮ ਕਰਦਿਆਂ ਲੋਕਾਂ ਨੂੰ 'ਆਪ' ਦੀਆ ਨੀਤੀਆਂ ਤੋਂ ਜਾਣੂ ਕਰਾਇਆ ਗਿਆ, ਉਥੇ ਧੂਰੀ ਹਲਕੇ ਵਿੱਚ ਜਿੱਤ ਦਾ ਸਿਹਰਾ ਮੁੱਖ ਮੰਤਰੀ ਦੀ ਟੀਮ ਵਿੱਚ ਸ਼ੁਮਾਰ ਕੈਂਪ ਦਫਤਰ ਦੇ ਇੰਚਾਰਜ ਅੰਮ੍ਰਿਤ ਬਰਾੜ, ਪੰਜਾਬ ਕਨਵੇਅਰ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ, ਵਕਫ਼ ਬੋਰਡ ਪੰਜਾਬ ਦੇ ਮੈਂਬਰ ਡਾ. ਅਨਵਰ ਭਸੌੜ, ਸੂਬਾਈ ਆਗੂ ਜਸਵੀਰ ਸਿੰਘ ਜੱਸੀ ਸੋਖੋ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਸੂਬਾਈ ਆਗੂ ਅਮਰਦੀਪ ਸਿੰਘ ਧਾਂਦਰਾ, ਨਗਰ ਕੌਂਸਲ ਧੂਰੀ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ, ਵਿਕਾਸ ਜੈਨ, ਸ਼ਹਿਰੀ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ, ਗੁਰਤੇਜ ਸਿੰਘ ਤੇਜੀ ਕੱਕੜਵਾਲ, ਬਲਵਿੰਦਰ ਸਿੰਘ ਬਿੱਲੂ, ਗੁਰਪ੍ਰੀਤ ਸਿੰਘ ਗੁਰੀ ਮਾਨ ਤੇ ਅਮਨ ਖਾਂ ਘਨੌਰੀ ਨੂੰ ਜਾਂਦਾ ਹੈ।ਸੰਗਰੂਰ ਲੋਕ ਸਭਾ ਹਲਕੇ ਦੀ ਚੋਣ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਦੀ ਵੋਟ ਫੀਸਦ ਵਿਚ ਉਤਰਾ-ਚੜ੍ਹਾਅ ਵੇਖਣ ਨੂੰ ਮਿਲਿਆ ਹੈ।2022 'ਚ ਹੋਈ ਲੋਕ ਸਭਾ ਦੀ ਜ਼ਿਮਨੀ ਚੋਣ ਦੇ ਮੁਕਾਬਲੇ ਸੰਨ 2024 ਦੀ ਮੌਜੂਦਾ ਲੋਕ ਸਭਾ ਚੋਣ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਦੇ ਵੋਟ ਫੀਸਦ 'ਚ ਵਾਧਾ ਹੋਇਆ ਹੈ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵੋਟ ਫੀਸਦ ਘਟੀ ਹੈ।

ਆਮ ਆਦਮੀ ਪਾਰਟੀ ਨੂੰ 2022 'ਚ 34.79 ਫ਼ੀਸਦੀ ਵੋਟ ਮਿਲੀ ਸੀ, ਜਿਸ ਨੂੰ ਸਿਰਫ਼ 0.82 ਫ਼ੀਸਦੀ ਵੋਟ ਨਾਲ ਹਾਰ ਝੱਲਣੀ ਪਈ ਸੀ।ਮੌਜੂਦਾ ਲੋਕ ਸਭਾ ਚੋਣ 'ਚ 'ਆਪ' ਨੂੰ 36.06 ਫੀਸਦੀ ਵੋਟ ਪ੍ਰਾਪਤ ਹੋਈ ਹੈ, ਜੋ ਕਿ 2022 ਦੇ ਮੁਕਾਬਲੇ 1.27 ਫੀਸਦੀ ਵੋਟ ਵਧੀ ਹੈ।ਉਂਝ ਪਾਰਟੀ ਉਮੀਦਵਾਰ ਮੀਤ ਹੇਅਰ ਨੇ ਆਪਣੇ ਮੁੱਖ ਵਿਰੋਧੀ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਤੋਂ 17.09 ਫ਼ੀਸਦੀ ਵੱਧ ਵੋਟ ਹਾਸਲ ਕਰਕੇ ਵੱਡੀ ਲੀਡ ਨਾਲ ਚੋਣ ਜਿੱਤੀ ਹੈ।

ਬੀਬਾ ਬਾਦਲ ਬਦਲੇਗੀ ਬਠਿੰਡਾ ਹਲਕੇ ਦੀ ਨੁਹਾਰ : ਰੂਬਲ, ਬਾਂਸਲ, ਸਿੰਗਲਾ

ਭੀਖੀ (ਧਰਮਵੀਰ ਸ਼ਰਮਾ)-ਬੀਬਾ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਲੋਕ ਸਭਾ ਹਲਕੇ ਤੋਂ ਲਗਾਤਾਰ ਚੌਥੀ ਵਾਰ ਜਿੱਤ ਪ੍ਰਾਪਤ ਕਰਕੇ ਇਤਿਹਾਸ ਸਿਰਜ ਦਿੱਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਬਠਿੰਡਾ ਹਲਕੇ ਦੀ ਨੁਹਾਰ ਬਦਲਣ ਲਈ ਹੋਰ ਕਦਮ ਚੁੱਕੇ ਜਾਣਗੇ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਬ) ਦੇ ਯੂਥ ਵਿੰਗ ਦੇ ਕੌਮੀ ਮੀਤ ਪ੍ਰਧਾਨ ਕੁਲਸ਼ੇਰ ਸਿੰਘ ਰੂਬਲ, ਸ਼ਹਿਰੀ ਪ੍ਰਧਾਨ ਭੀਮ ਸੈਨ ਬਾਂਸਲ, ਹਰਵਿੰਦਰ ਧਲੇਵਾਂ ਤੇ ਜੀਵਨ ਸਿੰਗਲਾ ਨੇ ਬੀਬਾ ਬਾਦਲ ਦੀ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਲੋਕਾਂ ਨੇ ਵੱਡੀ ਲੀਡ 'ਤੇ ਬੀਬਾ ਬਾਦਲ ਨੂੰ ਜਿਤਾ ਕੇ ਸੱਤਾਧਾਰੀ ਪਾਰਟੀ ਦੇ ਮੰਤਰੀ ਨੂੰ ਹਰਾਇਆ ਹੈ, ਜਿਸ ਨਾਲ ਬਾਦਲ ਪਰਿਵਾਰ ਦੇ ਕੱਦ ਵਿੱਚ ਹੋਰ ਵਾਧਾ ਹੋਇਆ ਹੈ। ਉਨ੍ਹਾ ਕਿਹਾ ਕਿ ਬੀਬਾ ਬਾਦਲ ਦੀ ਹਲਕੇ ਪ੍ਰਤੀ ਜ਼ਿੰਮੇਵਾਰੀ ਨੂੰ ਲੈ ਕੇ ਉਹ ਵਿਕਾਸ ਦੇ ਨਵੇਂ ਦਿਸਹੱਦੇ ਸਿਰਜਣਗੇ ਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਸਾਧਨ ਲੈ ਕੇ ਆਉਣਗੇ।ਉਨ੍ਹਾ ਕਿਹਾ ਕਿ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਵਿਰੋਧੀਆਂ ਨੂੰ ਪਛਾੜਦਿਆਂ ਵੱਡੀ ਲੀਡ 'ਤੇ ਜਿੱਤ ਪ੍ਰਾਪਤ ਕਰਨ 'ਤੇ ਸਮੂਹ ਪੰਥ ਹਿਤੈਸ਼ੀਆਂ ਦਾ ਧੰਨਵਾਦ ਕੀਤਾ।

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਪੌਦੇ ਲਗਾਏ

ਮਾਨਸਾ (ਆਤਮਾ ਸਿੰਘ ਪਮਾਰ)-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮੰਡਲ ਨੰਬਰ-01, ਜਵਾਹਰਕੇ ਦੇ ਸੋਸ਼ਲ ਸਟਾਫ ਵੱਲੋਂ 'ਵਿਸ਼ਵ ਵਾਤਾਵਰਣ ਦਿਵਸ' ਮੌਕੇ ਵੱਖ ਵੱਖ ਥਾਵਾਂ 'ਤੇ ਪੌਦੇ ਲਗਾ ਕੇ ਸ਼ੁੱਧ ਤੇ ਸਵਸਥ ਵਾਤਾਵਰਨ ਦਾ ਸੁਨੇਹਾ ਦਿੱਤਾ ਗਿਆ।ਐਕਸੀਅਨ ਕੇਵਲ ਗਰਗ ਨੇ ਕਿਹਾ ਕਿ ਪੌਦੇ ਲਗਾਉਣ ਨਾਲ ਜਿੱਥੇ ਵਾਤਾਵਰਣ ਸ਼ੁੱਧ ਰਹਿੰਦਾ ਹੈ, ਉੱਥੇ ਹੀ ਗਲੋਬਲ ਵਾਰਮਿੰਗ ਨੂੰ ਵੀ ਠੱਲ੍ਹ ਪੈਂਦੀ ਹੈ।ਉਨ੍ਹਾ ਕਿਹਾ ਕਿ ਹਰੇਕ ਨਾਗਰਿਕ ਨੂੰ ਪੌਦੇ ਲਗਾ ਕੇ ਇਨ੍ਹਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਜੋ ਗਰਮੀਆਂ ਦੇ ਮੌਸਮ ਦੌਰਾਨ ਵਧ ਰਹੇ ਤਾਪਮਾਨ ਨੂੰ ਘਟਾਇਆ ਜਾ ਸਕੇ।ਉਨ੍ਹਾ ਕਿਹਾ ਕਿ 'ਵਿਸ਼ਵ ਵਾਤਾਵਰਨ ਦਿਵਸ' ਮੌਕੇ ਆਪਣੇ ਭਵਿੱਖ ਦੇ ਨਾਲ ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ੁੱਧ ਵਾਤਾਵਰਣ ਸਿਰਜਣ ਦਾ ਸੁਨੇਹਾ ਦੇਣਾ ਚਾਹੀਦਾ ਹੈ ਤਾਂ ਜੋ ਹਰ ਕੋਈ ਵਾਤਾਵਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਸ ਦੀ ਸੰਭਾਲ ਲਈ ਆਪਣਾ ਯੋਗਦਾਨ ਪਾ ਸਕੇ।

ਵਿਸ਼ਵ ਵਾਤਾਵਰਣ ਦਿਵਸ ਮੌਕੇ ਬੀ ਸੀ ਐੱਲ ਨੇ ਲਗਾਏ ਪੌਦੇ

ਬਠਿੰਡਾ (ਪਰਵਿੰਦਰਜੀਤ ਸਿੰਘ)-ਬਠਿੰਡਾ ਬੀ ਸੀ ਐੱਲ ਇੰਡਸਟਰੀ ਲਿਮਟਿਡ ਬਠਿਡਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮੌਕੇ ਆਪਣੀਆਂ ਵੱਖ ਵੱਖ ਉਦਯੋਗਿਕ ਇਕਾਈਆਂ ਤੇ ਰਿਹਾਇਸ਼ੀ ਕਾਲੋਨੀਆਂ ਵਿਖੇ ਵੱਡੀ ਗਿਣਤੀ 'ਚ ਨਵੇਂ ਬੂਟੇ ਲਗਾਏ ਗਏ, ਜਿਸ ਦੀ ਰਸਮੀ ਸ਼ੁਰੂਆਤ ਬੀ ਸੀ ਐੱਲ ਦੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਵੱਲੋਂ ਕੰਪਨੀ ਦੇ ਹੈੱਡ ਆਫਿਸ ਵਿਖੇ ਖ਼ੁਦ ਪੌਦਾ ਲਗਾ ਕੇ ਕੀਤੀ ਗਈ।ਇਸ ਮੌਕੇ ਕੰਪਨੀ ਦੇ ਹੋਰ ਉੱਚ ਅਧਿਕਾਰੀ ਤੇ ਵਰਕਰ ਮੌਜੂਦ ਸਨ।ਪੌਦਾ ਲਗਾਉਣ ਉਪਰੰਤ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਨੇ ਦੱਸਿਆ ਕਿ ਅੱਜ ਵਿਸ਼ਵ ਵਾਤਾਵਰਣ ਦਿਵਸ ਮੌਕੇ ਜਿੱਥੇ ਕੰਪਨੀ ਦੇ ਬਠਿੰਡਾ-ਹਾਜ਼ੀਰਤਨ ਲਿੰਕ ਮਾਰਗ 'ਤੇ ਸਥਿਤ ਫੈਕਟਰੀ ਵਿਖੇ ਬੂਟੇ ਲਗਾਏ ਗਏ, ਉਥੇ ਹੀ ਸਾਡੇ ਵੱਲੋਂ ਸੰਗਤ ਸਥਿਤ ਡਿਸਟਿਲਰੀ ਯੂਨਿਟ ਤੋਂ ਇਲਾਵਾ ਵੱਖ ਵੱਖ ਰਿਹਾਇਸ਼ੀ ਕਾਲੋਨੀਆਂ ਵਿਖੇ ਵੀ ਵੱਡੀ ਗਿਣਤੀ 'ਚ ਪੌਦੇ ਲਗਾਏ ਗਏ ਹਨ ਤਾਂ ਜੋ ਆਪਣੇ ਆਲੇ ਦੁਆਲੇ ਨੂੰ ਹਰਾ ਭਰਾ ਤੇ ਸਾਫ਼ ਸੁਥਰਾ ਬਣਾਇਆ ਜਾ ਸਕੇ।ਕੰਪਨੀ ਵੱਲੋਂ ਇਸ ਤੋਂ ਪਹਿਲਾਂ ਵੀ ਵਾਤਾਵਰਣ ਨੂੰ ਹਰਾ ਭਰਾ ਬਣਾਉਣ ਲਈ ਸਮੇਂ ਸਮੇਂ 'ਤੇ ਬਣਦੇ ਉਪਰਾਲੇ ਕੀਤੇ ਜਾਂਦੇ ਰਹੇ ਹਨ।ਇਸ ਮੌਕੇ ਕੰਪਨੀ ਦੇ ਸੀਨੀਅਰ ਜ ਐੱਮ ਐੱਸ ਐੱਸ ਸੰਧੂ, ਜੀ ਐੱਮ ਵਿਜੇ ਸਿੰਘ ਰਾਠੀ ਤੇ ਐਡੀਸ਼ਨਲ ਜੀ ਐੱਮ ਦੀਪਕ ਤਾਇਲ ਸਮੇਤ ਹੋਰ ਅਧਿਕਾਰੀ ਅਤੇ ਵਰਕਰ ਮੌਜੂਦ ਸਨ।

ਈਕੋ ਐਂਡ ਗੋ ਗ੍ਰੀਨ ਕਲੱਬ ਵੱਲੋਂ ਆਨਲਾਈਨ ਪੋਸਟਰ ਮੁਕਾਬਲਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਵਿਸ਼ਵ ਵਾਤਾਵਰਨ ਦਿਵਸ ਮੌਕੇ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਈਕੋ ਐਂਡ ਗੋ ਗ੍ਰੀਨ ਕਲੱਬ ਵੱਲੋਂ 'ਆਨਲਾਈਨ ਸਲੋਗਨ-ਕਮ-ਪੋਸਟਰ' ਮੁਕਾਬਲਾ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਸੁੰਦਰ ਪੋਸਟਰ ਬਣਾਏ।ਧਰਤੀ ਮਾਂ ਦੀ ਰੱਖਿਆ ਲਈ ਇਸ ਮੁਕਾਬਲੇ ਵਿੱਚ ਖੁਸ਼ੀ ਬੀ ਐੱਸ ਸੀ ਨਾਨ-ਮੈਡੀਕਲ ਪਹਿਲਾ ਸਾਲ ਨੇ ਪਹਿਲਾ ਅਤੇ ਮਹਿਕ ਬੀ. ਕਾਮ ਦੂਜਾ ਸਾਲ ਨੇ ਦੂਜਾ, ਜਦਕਿ ਅਰਸ਼ਪ੍ਰੀਤ ਬੀ ਐੱਸ ਸੀ ਨਾਨ-ਮੈਡੀਕਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਈਕੋ ਐਂਡ ਗੋ ਗ੍ਰੀਨ ਕਲੱਬ ਦੇ ਇੰਚਾਰਜ ਡਾ. ਸੁਖਵਿੰਦਰ ਕੌਰ ਨੇ ਕਿਹਾ ਕਿ ਸਾਡੀ ਧਰਤੀ ਇਸ ਸਮੇਂ ਮਨੁੱਖੀ ਗਤੀਵਿਧੀਆਂ ਕਾਰਨ ਬਹੁਤ ਸਾਰੀਆਂ ਮੌਸਮੀ ਆਫ਼ਤਾਂ ਦਾ ਸਾਹਮਣਾ ਕਰ ਰਹੀ ਹੈ, ਇਸ ਲਈ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਕਲੱਬ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਾਤਾਵਰਣ ਨੂੰ ਮਾੜੇ ਹਾਲਾਤਾਂ ਤੋਂ ਬਚਾਉਣਾ ਹਰ ਮਨੁੱਖ ਦਾ ਫਰਜ਼ ਹੈ ਅਤੇ ਇਸ ਲਈ ਨਿਰੰਤਰ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਗੰਧਲਾ ਵਾਤਾਵਰਣ ਸਾਡੀ ਹੋਂਦ ਲਈ ਖਤਰਾ ਬਣਦਾ ਜਾ ਰਿਹਾ ਹੈ।

ਦੇਸ਼ ਭਗਤ ਯੂਨੀਵਰਸਿਟੀ ਨੇ ਕੈਪਟਨ ਹਰਜੀਤ ਦਿਓਲ ਨਾਲ ਕੀਤੀ ਮੁਲਾਕਾਤ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ ਨੇ ਨੇਵੀ ਵਿੰਗ ਦੇ ਕੈਪਟਨ ਹਰਜੀਤ ਸਿੰਘ ਦਿਓਲ (ਕਮਾਂਡਿੰਗ ਅਫਸਰ) ਤੇ 1 ਪੀ ਬੀ, ਐੱਨ ਯੂ ਐੱਨ ਸੀ ਸੀ, ਨਯਾ ਨੰਗਲ ਦੇ ਸਥਾਈ ਇੰਸਟ੍ਰਕਟਰ ਸਟਾਫ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਇਹ ਮੀਟਿੰਗ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਦੀ ਰਹਿਨੁਮਾਈ ਹੇਠ ਹੋਈ। ਇਸ ਮੌਕੇ ਚਮਨਪ੍ਰੀਤ ਕੌਰ (ਸੀਟੀਓ, ਨੇਵੀ ਵਿੰਗ) ਤੇ ਡਾ. ਪ੍ਰਮੋਦ ਮੰਡਲ (ਡਾਇਰੈਕਟਰ ਅਕਾਦਮਿਕ) ਨੇ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਸਾਰੇ ਐੱਨ ਸੀ ਸੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ।ਮੀਟਿੰਗ ਤੋਂ ਬਾਅਦ ਐੱਨਸੀਸੀ ਅਧਿਕਾਰੀਆਂ ਨੇ ਯੂਨੀਵਰਸਿਟੀ ਕੈਂਪਸ ਦਾ ਦੌਰਾ ਕੀਤਾ ਤੇ ਡੀਬੀਯੂ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾ ਕਿਹਾ ਕਿ ਡੀਬੀਯੂ ਭਵਿੱਖ ਵਿੱਚ ਨੇਵੀ ਮੁਹਿਮ ਲਈ ਢੁੱਕਵਾਂ ਹੈ।ਇਸ ਮੁਲਾਕਾਤ ਦੌਰਾਨ ਸ੍ਰੀ ਗੁਰਜੀਤ ਸਿੰਘ ਪੰਧੇਰ (ਸੀ.ਟੀ.ਓ., ਏਅਰ ਵਿੰਗ) ਤੇ ਡਾ. ਅਜੈਪਾਲ ਸ

7-JUNE-PAGE-8.qxd 6/6/2024 10:44 PM Page 1

ਕਣਕ ਦੀ ਨਾੜ ਨੂੰ ਅੱਗ ਲਾਉਣ ਨਾਲ ਪਿੰਡ ਪੱਦੀ ਮਟ ਵਾਲੀ 'ਚ ਸੈਂਕੜੇ ਦਰੱਖਤ ਝੁਲਸੇ

ਬੰਗਾ (ਅਵਤਾਰ ਕਲੇਰ) ਬੰਗਾ ਹਲਕੇ 'ਚ ਇਸ ਵਾਰ ਕਣਕ ਦੇ ਨਾੜ ਨੂੰ ਬਹੁਤ ਸਾਰੇ ਖੇਤਾਂ 'ਚ ਅੱਗ ਲਗਾਈ ਗਈ। ਮੇਨ ਰੋਡ 'ਤੇ ਵੀ ਖੇਤਾਂ 'ਚ ਲੱਗੀ ਅੱਗ ਆਮ ਹੀ ਵੇਖਣ ਨੂੰ ਮਿਲੀ। ਇਸ ਅੱਗ ਨਾਲ ਬਹੁਤ ਸਾਰੇ ਦਰੱਖਤ ਵੀ ਸੜ ਗਏ । ਝਿੱਕਾ ਰੋਡ,ਬਾਲਾ ਰੋਡ,ਪਠਲਾਵਾ ਰੋਡ ਪਿੰਡ ਦੀਆ ਫਿਰਨੀਆਂ,ਸ਼ਮਸ਼ਾਨਘਾਟ ਥਾਵਾਂ ਡਾ. ਸਾਧੂ ਸਿੰਘ ਹਮਦਰਦ ਕਮੇਟੀ ਵਲੋਂ ਲਗਾਏ ਦਰੱਖਤ ਜਿਥੇ ਹਰਿਆਲੀ ਨਾਲ ਟਹਿਲ ਰਹੇ ਸਨ, ਕਣਕ ਦੀ ਨਾੜ ਨੂੰ ਲਗਾਈ ਅੱਗ ਦੀ ਮਾਰ ਕਾਰਨ ਬੁਰੀ ਤਰ੍ਹਾਂ ਝੁਲਸ ਗਏ। ਝਿੱਕਾ ਰੋਡ 'ਤੇ 15-20 ਸਾਲ ਪੁਰਾਣੀਆਂ ਚਾਰ ਟਾਹਲੀਆਂ ਅੱਗ ਨਾਲ ਸੜ ਕੇ ਸੁਆਹ ਹੋ ਗਈਆ। ਡਾ. ਸਾਧੂ ਸਿੰਘ ਹਮਦਰਦ ਕਮੇਟੀ ਦੇ ਪ੍ਰਧਾਨ ਨੰਦ ਲਾਲ ਨੇ ਆਖਿਆ ਕਿ ਕਮੇਟੀ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਬੂਟੇ ਲਗਾਉਂਦੀ ਤੇ ਪਾਲਦੀ ਹੈ।ਅਸੀਂ ਪ੍ਰਸ਼ਾਸ਼ਨ ,ਸਰਕਾਰ ਮੰਗ ਕਰਦੇ ਹਾਂ ਕਿ ਇਸ ਵੱਲ ਧਿਆਨ ਦੇ ਕੇ ਕੋਈ ਠੋਸ ਨੀਤੀ ਤਿਆਰ ਕੀਤੀ ਜਾਵੇ ਅਤੇ ਦੋਸ਼ੀਆਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕਮੇਟੀ ਪ੍ਰਧਾਨ ਨੰਦ ਲਾਲ, ਸੁਖਵਿੰਦਰ ਸੁਖਵਿੰਦਰ ਸਿੰਘ ਵਾਈਸ ਪ੍ਰਧਾਨ, ਸੁਰਿੰਦਰ ਮੋਹਣ ਸਰਪੰਚ, ਸੁਖਦੇਵ ਰਾਜ ਪੰਚ,ਗੁਰਚਰਨ ਸਿੰਘ, ਹਰਮੇਸ਼ ਲਾਲ ਟਾਂਡਾ,ਪ੍ਰੇਮ ਕੁਮਾਰ, ਰਾਮਪਾਲ,,ਰਣਜੀਤ ਸਿੰਘ, ਦਲਜੀਤ ਸਿੰਘ, ਸਤਵੀਰ ਵਿਰਦੀ ਅਤੇ ਨਗਰ ਨਿਵਾਸੀ ਹਾਜ਼ਰ ਸਨ।

ਕੇ ਐੱਲ ਚਾਂਦ ਟਰੱਸਟ ਨੇ 7 ਵ੍ਹੀਲ ਚੇਅਰਾਂ ਭੇਟ ਕਰਕੇ ਸਵ. ਗੁਰਨੇਕ ਮੱਲ ਨੂੰ ਦਿੱਤੀ ਨਿੱਘੀ ਸ਼ਰਧਾਂਜਲੀ

ਫਗਵਾੜਾ (ਜਸਵਿੰਦਰ ਢੱਡਾ)- ਅੰਗਹੀਣਾਂ ਦੀ ਸੇਵਾ ਨੂੰ ਸਮਰਪਿਤ ਕੇ.ਐਲ.ਚੰਦ ਵੈਲਫੇਅਰ ਟਰੱਸਟ (ਯੂ.ਕੇ.) ਦੇ ਸੰਸਥਾਪਕ ਕੇ.ਐਲ. ਚਾਂਦ ਦੇ ਸਪੁੱਤਰ ਗੁਰਨੇਕ ਮੱਲ ਦੇ ਨਮਿਤ ਇਕ ਸ਼ਰਧਾਂਜਲੀ ਸਮਾਗਮ ਟਰੱਸਟ ਦੀ ਸੂਬਾ ਇਕਾਈ ਦੇ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਦੀ ਅਗਵਾਈ ਹੇਠ ਫਰੈਂਡਜ ਕਲੋਨੀ ਵਿਖੇ ਕਰਵਾਇਆ ਗਿਆ। ਇਸ ਮੌਕੇ ਪਹੁੰਚੀਆਂ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਸਵ. ਗੁਰਨੇਕ ਮੱਲ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਕੇ ਨਿੱਘੀ ਸ਼ਰਧਾਂਜਲੀ ਦਿੱਤੀ। ਉਪਰੰਤ 7 ਲੋੜਵੰਦਾਂ ਨੂੰ ਵ੍ਹੀਲ ਚੇਅਰਾਂ ਭੇਟ ਕਰਨ ਦਾ ਪ੍ਰੋਜੈਕਟ ਕੀਤਾ ਗਿਆ। ਸੂਬਾ ਕੋਆਰਡੀਨੇਟਰ ਰਾਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਚਾਰ ਲੋੜਵੰਦਾਂ ਨੇ ਸਮਾਗਮ 'ਚ ਪਹੁੰਚ ਕੇ ਵ੍ਹੀਲ ਚੇਅਰਾਂ ਪ੍ਰਾਪਤ ਕੀਤੀਆਂ ਹਨ ਜਦਕਿ ਤਿੰਨ ਲੋੜਵੰਦਾਂ ਨੂੰ ਉਹਨਾਂ ਦੇ ਘਰੋਂ ਘਰੀਂ ਵ੍ਹੀਲ ਚੇਅਰਾਂ ਪਹੁੰਚਾਈਆਂ ਗਈਆਂ ਹਨ। ਇਸ ਮੌਕੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ, ਸਮਾਜ ਸੇਵਕ ਤਾਰਾ ਚੰਦ ਚੁੰਬਰ, ਲਾਇਨ ਗੁਰਦੀਪ ਸਿੰਘ ਕੰਗ, ਲਾਇਨ ਸੁਖਬੀਰ ਸਿੰਘ ਕਿੰਨੜਾ, ਇੰਦਰਜੀਤ ਸਿੰਘ ਬਸਰਾ, ਐਡਵੋਕੇਟ ਐਸ.ਕੇ. ਅੱਗਰਵਾਲ, ਸਮਾਜ ਸੇਵਕ ਜਸਵਿੰਦਰ ਢੱਡਾ, ਸਮਾਜ ਸੇਵਕ ਰਮਨ ਨਹਿਰਾ ਅਤੇ ਪ੍ਰੇਮ ਕੌਰ ਚਾਨਾ ਨੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਕਿਹਾ ਕਿ ਕੇ.ਐਲ. ਚਾਂਦ ਵਲੋਂ ਆਪਣੇ ਸਪੁੱਤਰ ਦੀ ਬਿਮਾਰੀ ਤੋਂ ਪ੍ਰੇਰਨਾ ਲੈ ਕੇ ਲੋੜਵੰਦਾਂ ਲਈ ਜੋ ਟਰੱਸਟ ਦਾ ਗਠਨ ਕੀਤਾ ਹੈ, ਉਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ, ਕਿਉਂਕਿ ਟਰਾਈ ਸਾਇਕਲ ਅਤੇ ਵ੍ਹੀਲ ਚੇਅਰਾਂ ਖਰੀਦਣਾ ਗਰੀਬ ਪਰਿਵਾਰਾਂ ਲਈ ਬਹੁਤ ਹੀ ਮੁਸ਼ਕਿਲ ਕੰਮ ਹੁੰਦਾ ਹੈ ਪਰ ਜਦੋਂ ਉਹਨਾਂ ਨੂੰ ਟਰੱਸਟ ਵਲੋਂ ਇਹ ਸੇਵਾ ਭੇਟ ਕੀਤੀ ਜਾਂਦੀ ਹੈ ਤਾਂ ਉਹਨਾਂ ਨੂੰ ਕਾਫੀ ਰਾਹਤ ਮਹਿਸੂਸ ਹੁੰਦੀ ਹੈ। ਉਹਨਾਂ ਕਿਹਾ ਕਿ ਪਰਮਾਤਮਾ ਚਾਂਦ ਪਰਵਾਰ ਨੂੰ ਇਸ ਅਸਹਿਣਯੋਗ ਦੁੱਖ ਸਹਿਣ ਕਰਨ ਦਾ ਬਲ ਬਖਸ਼ੇ। ਇਸ ਮੌਕੇ ਟਰੱਸਟ ਦੇ ਸਕੱਤਰ ਜਸਵਿੰਦਰ ਸਿੰਘ ਠੇਕੇਦਾਰ, ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਸੀਨੀਅਰ ਮੈਂਬਰ ਸ਼ਿੰਗਾਰਾ ਰਾਮ ਤੇ ਕੈਲਵਿਨ ਚੁੰਬਰ ਤੋਂ ਇਲਾਵਾ ਗੁਰਨਾਮ ਪਾਲ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਅਕਾਲਗੜ੍ਹ, ਮਨੋਜ ਕੁਮਾਰ ਜੇ.ਸੀ.ਟੀ., ਆਰਿਅਨ ਕੁਲਥਮ, ਸਾਇਮਨ ਬਾਹੜ ਮਜਾਰਾ, ਜੋਤਾ ਚੱਕ ਮੰਡੇਰ ਆਦਿ ਹਾਜਰ ਸਨ।

ਅਮਿੱਟ ਯਾਦਾਂ ਛੱਡਦਾ ਸੰਪੰਨ ਹੋਇਆ 'ਮੇਲਾ ਮਸਤਾਂ ਦਾ'

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਇਲਾਕੇ ਦੇ ਪਿੰਡ ਸਾਧੋਵਾਲ ਵਿਖੇ ਬਾਬਾ ਮਸਤ ਸ਼ਾਹ ਜੀ ਦੇ ਦਰਬਾਰ ਤੇ ਪ੍ਰਬੰਧਕ ਕਮੇਟੀ, ਨਗਰ ਪੰਚਾਇਤ, ਐਨ ਆਰ ਆਈਜ਼ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਦੋ ਦਿਨਾ 'ਮੇਲਾ ਮਸਤਾ ਦਾ' ਬੜੀ ਸ਼ਰਧਾ ਪੂਰਵਕ ਕਰਵਾਇਆ ਗਿਆ ਜੋ ਕਿ ਅਮਿੱਟ ਯਾਦਾ ਛੱਡਦਾ ਹੋਇਆ ਸਪੰਨ ਹੋਇਆ। ਇਸ ਮੇਲੇ ਸਬੰਧੀ ਪ੍ਰਬੰਧਕ ਕਮੇਟੀ ਤੋਂ ਹੈਪੀ ਸਾਈ ਨੇ ਦੱਸਿਆ ਕਿ ਚਾਰ ਜੂਨ ਨੂੰ ਦਰਬਾਰ 'ਤੇ ਨਿਸ਼ਾਨ ਸ਼ਾਹਿਬ ਅਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਚਿਰਾਗ ਰੋਸ਼ਨ ਕੀਤੇ ਗਏ। ਕਵਾਲ ਅਤੇ ਨਕਾਲ ਪਾਰਟੀਆਂ ਵਲੋਂ ਦੇਰ ਰਾਤ ਤੱਕ ਬਾਬਾ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ। ਪੰਜ ਜੂਨ ਨੂੰ ਨਾਮਵਾਰ ਕਲਾਕਾਰ ਜਿਨ੍ਹਾਂ ਵਿੱਚ ਪੰਜਾਬ ਦੀ ਮਸ਼ਹੂਰ ਅਵਾਜ਼ ਜਨਾਬ ਸਰਦਾਰ ਅਲੀ, ਕੋਰ ਸਿਸਟਰਜ਼,ਦੀਪ ਸ਼ਿੰਦਾ,ਕਮਲ ਕਟਾਰੀਆ, ਸੋਨੂੰ ਮੋਨੂੰ ਨਕਾਲ ਅਤੇ ਹੋਰ ਕਵਾਲ ਪਾਰਟੀਆ ਵਲੋਂ ਹਾਜ਼ਰੀ ਲਗਵਾਈ ਗਈ । ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਤੇ ਆਈਸ ਕ੍ਰੀਮ,ਫਰੂਟ ਅਤੇ ਲੰਗਰ ਵੀ ਅਤੁੱਟ ਵਰਤਾਏ ਗਏ। ਸਟੇਜ਼ ਸੈਕਟਰੀ ਦੀ ਭੂਮਿਕਾ ਐਂਕਰ ਪ੍ਰਦੀਪ ਪੰਡਤ ਬੋੜਾ ਵਲੋ ਬਾਖੂਬੀ ਨਾਲ ਨਿਭਾਈ ਗਈ । ਇਸ ਮੌਕੇ ਪ੍ਰਬੰਧਕ ਕਮੇਟੀ ਤੋਂ ਜੋਗਿੰਦਰ ਹੈਪੀ, ਸਰਪੰਚ ਹਰਪ੍ਰੀਤ ਸਿੰਘ,ਕਾ. ਦਰਸ਼ਨ ਸਿੰਘ ਮੱਟੂ,ਸੁਭਾਸ਼ ਮੱਟੂ ,ਦਲਜੀਤ ਸਿੰਘ,ਚਰਨਜੀਤ ਸਿੰਘ, ਬਿੱਟੂ,ਮਨਜੀਤ ਸਾਈ,ਡਾ. ਲਖਵਿੰਦਰ ਸਿੰਘ ਬਿਲੜੋ,ਅਜੇ ਕੁਮਾਰ,ਸੁੱਖਾ ਸਾਧੋਵਾਲੀਆ ,ਅਲਫਾਜ਼ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਆਨਲਾਈਨ ਵਾਤਾਵਰਨ ਦਿਵਸ ਮਨਾਇਆ

ਸੁਲਤਾਨਪੁਰ ਲੋਧੀ (ਹਨੀ) ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂ ਅਰੋੜਾ ਦੀ ਅਗਵਾਈ ਦੇ ਹੇਠ ਅੰਤਰਰਾਸ਼ਟਰੀ ਵਾਤਾਵਰਣ ਦਿਵਸ ਮਨਾਇਆ ਗਿਆ । ਜਿਸ ਦੇ ਤਹਿਤ ਵਿਦਿਆਰਥੀਆਂ ਨੂੰ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਅਤੇ ਵਾਤਾਵਰਣ ਨੂੰ ਸਾਫ ਰੱਖਣ ਦੇ ਲਈ ਵੱਧ ਤੋਂ ਵੱਧ ਦਰੱਖਤ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਵੱਧ ਤੋਂ ਵੱਧ ਰੁੱਖ ਲਗਾਏ ਅਤੇ ਆਪਣੀ ਇਸ ਗਤੀਵਿਧੀ ਨੂੰ ਆਨਲਾਈਨ ਸਾਂਝਾ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਦੁਆਰਾ ਬਣਾਏ ਗਏ ਵੱਖ-ਵੱਖ ਪੇਂਟਿੰਗਸ ਅਤੇ ਪੋਸਟਰ ਵੀ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦੇ ਰਹੇ ਸਨ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਡਾਇਰੈਕਟਰ ਸਕੂਲ ਇੰਜਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵੀ ਵਿਦਿਆਰਥੀਆਂ ਨੂੰ ਕੁਦਰਤੀ ਸਾਧਨਾਂ ਦੇ ਸਹੀ ਉਪਯੋਗ ਕਰਨ ਅਤੇ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੱਤਾ।

ਖਾਲਸਾ ਕਾਲਜ ਦੇ ਪਹਿਲੇ ਬੈਚ ਦੇ ਵਿਦਿਆਰਥੀ ਪਰਵਾਰ ਸਮੇਤ ਕਾਲਜ ਪੁੱਜੇ

ਮਾਹਿਲਪੁਰ (ਸ.ਫਰੀ)-1946 ਤੋਂ ਸਥਾਪਿਤ ਹੋਏ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪਹਿਲੇ ਬੈਚ ਦੇ ਵਿਦਿਆਰਥੀ ਅਵਤਾਰ ਸਿੰਘ ਢਿੱਲੋਂ ਸਾਬਕਾ ਡੀਐਸਪੀ (ਕੈਨੇਡਾ) ਪਰਵਾਰ ਸਮੇਤ ਕਾਲਜ ਪੁੱਜੇ ਜਿੱਥੇ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਢਿੱਲੋਂ ਨੇ ਦੱਸਿਆ ਕਿ ਉਹ ਕਾਲਜ ਦੇ ਸਭ ਤੋਂ ਪਹਿਲੇ ਬੈਚ ਦੇ ਗ੍ਰੈਜੂਏਸ਼ਨ ਪਾਸ ਵਿਦਿਆਰਥੀ ਹਨ ਅਤੇ ਉਨ੍ਹਾਂ ਦੇ ਮਨ ਵਿੱਚ ਪਿਛਲੇ ਕਈ ਸਾਲਾਂ ਤੋਂ ਇਹ ਵਿਚਾਰ ਸੀ ਕਿ ਉਹ ਖਾਲਸਾ ਕਾਲਜ ਮਾਹਿਲਪੁਰ ਵਿਖੇ ਪੁੱਜ ਕੇ ਆਪਣੇ ਵਿਦਿਆਰਥੀ ਜੀਵਨ ਨਾਲ ਜੁੜੀਆਂ ਯਾਦਾਂ ਨੂੰ ਤਾਜ਼ਾ ਕਰਨਗੇ। ਉਨ੍ਹਾਂ ਦੱਸਿਆ ਕਿ ਉਹ ਪਿੰਡ ਹਕੂਮਤਪੁਰ ਤੋਂ ਰੋਜ਼ਾਨਾ ਕਾਲਜ ਪੜ੍ਹਨ ਲਈ ਆਉਂਦੇ ਸਨ ਜਿਥੋਂ ਮਿਲੀ ਸਿੱਖਿਆ ਕਰਕੇ ਹੀ ਉਨ੍ਹਾਂ ਨੇ ਪੰਜਾਬ ਪੁਲਸ ਵਿੱਚ ਡੀਐਸਪੀ ਦੀ ਨੌਕਰੀ ਕੀਤੀ ਅਤੇ ਸੇਵਾ ਮੁਕਤੀ ਉਪਰੰਤ ਕੈਨੇਡਾ ਚਲੇ ਗਏ। ਉਨ੍ਹਾਂ ਕਿਹਾ ਕਿ ਕਾਲਜ ਵਿਖੇ ਪੁੱਜ ਕੇ ਉਹ ਆਪਣੇ ਆਪ ਨੂੰ ਮੁੜ ਉਸੇ ਵਿਦਿਆਰਥੀ ਜੀਵਨ ਵਿੱਚ ਮਹਿਸੂਸ ਕਰ ਰਹੇ ਹਨ। ਉਨ੍ਹਾਂ ਇਸ ਮੌਕੇ ਕਾਲਜ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਸਮੇਤ ਕਾਲਜ ਨੂੰ ਵਿੱਤੀ ਮਦਦ ਕਰਨ ਵਾਲੇ ਇਲਾਕੇ ਦੇ ਸਹਿਯੋਗੀ ਸੱਜਣਾਂ ਅਤੇ ਉਸ ਸਮੇਂ ਦੇ ਸਟਾਫ ਅਤੇ ਵਿਦਿਆਰਥੀਆਂ ਬਾਰੇ ਭਾਵਪੂਰਤ ਗੱਲਾਂ ਕੀਤੀਆਂ। ਉਨ੍ਹਾਂ ਆਉਣ ਵਾਲੇ ਸਮੇਂ ਵਿੱਚ ਕਾਲਜ ਨੂੰ ਵਿੱਤੀ ਮਦਦ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਆਏ ਮਹਿਮਾਨਾਂ ਨਾਲ ਕਾਲਜ ਦੀ ਮੌਜੂਦਾ ਸਥਿਤੀ ਬਾਰੇ ਗੱਲਬਾਤ ਕੀਤੀ ਅਤੇ ਕਾਲਜ ਵਿੱਚ ਚੱਲ ਰਹੇ ਵੱਖ ਵੱਖ ਕੋਰਸਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦੀਆਂ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਖੇਤਰ ਦੀਆਂ ਪ੍ਰਾਪਤੀਆਂ ਬਾਰੇ ਵੀ ਵਿਚਾਰ ਰੱਖੇ। ਇਸ ਮੌਕੇ ਸ਼੍ਰੀਮਤੀ ਅਨੁਰਾਗ ਢਿੱਲੋਂ, ਇਕਬਾਲ ਸਿੰਘ ਕਨੇਡਾ,ਹਰਦੇਵ ਸਿੰਘ, ਪ੍ਰੋਫੈਸਰ ਸਿਮਰਨਜੀਤ ਕੌਰ, ਰਣਜੀਤ ਸਿੰਘ ਰਾਣਾ ਤੇ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

ਜਨਰਲ ਵਰਗ ਦੇ ਕਮਿਸ਼ਨ ਦਾ ਚੇਅਰਮੈਨ ਨਾ ਲਾਉਣ ਦਾ ਖਮਿਆਜ਼ਾ ਭੁਗਤਣਾ ਪਿਆ ਆਪ ਸਰਕਾਰ ਨੂੰ : ਫੁਗਲਾਨਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਸਮੁੱਚੇ ਜਨਰਲ ਵਰਗ, ਜਨਰਲ ਜੁਆਇੰਟ ਐਕਸ਼ਨ ਕਮੇਟੀ ਅਤੇ ਸਮੁੱਚੀਆਂ ਪੈਨਸ਼ਨ ਮੁਲਾਜਮ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਭਗਵੰਤ ਮਾਨ ਦੀ ਸਰਕਾਰ ਜੋ ਕਿ 13 ,0 ਦਾ ਸੁਪਨਾ ਦੇਖ ਰਹੀ ਸੀ ਉਸ ਨੂੰ ਚਕਨਾਚੂਰ ਕਰਦਿਆਂ ਤਿੰਨ ਉਪਰ ਹੀ ਸੂਪੜਾ ਸਾਫ ਕਰ ਦਿੱਤਾ। ਜਨਰਲ ਵਰਗ ਦੇ ਰਾਜਨੀਤਿਕ ਵਿੰਗ ਵਲੋਂ ਪੂਰੇ ਜ਼ਿਲ੍ਹਿਆਂ ਅੰਦਰ ਪ੍ਰੈਸ ਕਾਨਫਰੰਸਾਂ ਕਰਕੇ ਆਮ ਪਬਲਿਕ ਨੂੰ ਆਪ ਸਰਕਾਰ ਦਾ ਅਸਲੀ ਚੇਹਰਾ ਸਾਹਮਣੇ ਲਿਆਦਾ ਅਤੇ ਜਲੰਧਰ ਦੀ ਸੀਟ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਆਪਣਾ ਖੁੱਲਾ ਸਮਰਥਨ ਦਿੱਤਾ ਕਿਉਂਕਿ ਚੰਨੀ ਸਰਕਾਰ ਨੇ ਜਨਰਲ ਕਮਿਸ਼ਨ ਸਥਾਪਤ ਕੀਤਾ ਸੀ ਅਤੇ ਇਸਦਾ ਚੇਅਰਮੈਨ ਵੀ ਲਗਾਇਆ ਸੀ ਪਰ ਆਪ ਸਰਕਾਰ ਦੇ ਮੁੱਖ ਮੰਤਰੀ ਵਲੋਂ ਦੋ ਸਾਲ ਦਾ ਸਮਾਂ ਬੀਤਣ ਦੇ ਬਾਵਜੂਦ ਜਨਰਲ ਕਮਿਸ਼ਨ ਦਾ ਨਾ ਚੇਅਰਮੈਨ ਨਿਯੁਕਤ ਕੀਤਾ ਅਤੇ ਵਾਰ ਵਾਰ ਸਮਾਂ ਦੇ ਕੇ ਮੀਟਿੰਗ ਕੀਤੀ, ਜਿਸ ਕਾਰਨ ਪੰਜਾਬ ਅੰਦਰ ਜਨਰਲ ਵਰਗ ਦੇ ਗੁੱਸੇ ਦਾ ਖਮਿਆਜਾ ਭੁਗਤਣਾ ਪਿਆ।

ਵਿਸ਼ਵ ਵਾਤਾਵਰਣ ਦਿਵਸ ਮਨਾਇਆ

ਸੁਲਤਾਨਪੁਰ ਲੋਧੀ, (ਹਨੀ) ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਦੇ ਐਨ ਐਸ ਐਸ ਵਿਭਾਗ ਅਤੇ ਈਕੋ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।

ਇਸ ਮੌਕੇ ਕਾਲਜ ਕੈਂਪਸ ਵਿੱਚ ਪੌਦੇ ਲਗਾਏ ਗਏ, ਜਿਸ ਦਾ ਉਦਘਾਟਨ ਪ੍ਰਿੰਸੀਪਲ ਡਾ. ਸ਼ੁਕਲਾ ਵੱਲੋਂ ਪੌਦੇ ਲਗਾ ਕੇ ਕੀਤਾ ਗਿਆ । ਉਨ੍ਹਾਂ ਕਿਹਾ ਕਿ ਪੌਦੇ ਵਾਤਾਵਰਨ ਦੀ ਖੁਸ਼ਹਾਲੀ ਅਤੇ ਬਿਹਤਰੀ ਲਈ ਬਹੁਤ ਜਰੂਰੀ ਹਨ। ਪੌਦੇ ਗਰਮੀ ਘਟਾਉਂਦੇ ਹਨ ਅਤੇ ਵਾਤਾਵਰਣ ਦੀ ਸ਼ੁੱਧਤਾ ਨੂੰ ਬਣਾਈ ਰੱਖਦੇ ਹਨ। ਉਨ੍ਹਾਂ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਸਾਨੂੰ ਘੱਟੋ ਘੱਟ ਦੋ ਪੌਦੇ ਲਗਾ ਕੇ ਵਾਤਾਵਰਣ ਦੀ ਸ਼ੁੱਧਤਾ ਨੂੰ ਵਧਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਐਨ ਐਸ ਐਸ ਵਿਭਾਗ ਵੱਲੋਂ ਵਿਦਿਆਰਥਨਾਂ ਨੂੰ ਆਪਣੇ ਆਲੇ ਦੁਆਲੇ ਅਤੇ ਆਪਣੇ ਘਰਾਂ ਵਿੱਚ ਵੀ ਪੌਦੇ ਲਗਾਉਣ ਲਈ ਅਤੇ ਉਨਾਂ ਦੀ ਸਾਂਭ ਸੰਭਾਲ ਦਾ ਸੰਦੇਸ਼ ਦਿੱਤਾ ਗਿਆ। ਈਕੋ ਕਲੱਬ ਵੱਲੋਂ ਵੀ ਵਾਤਾਵਰਨ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਦੇ ਲਈ ਪੌਦੇ ਲਗਾਉਣ ਅਤੇ ਉਹਨਾਂ ਦੀ ਸਾਂਭ ਸੰਭਾਲ ਦਾ

7-JUNE-PAGE-9.qxd 6/6/2024 10:43 PM Page 1

ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਨੇ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਮੰਗ ਪੱਤਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)—ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਪੰਜਾਬ ਇੰਡੀਆ ਦਾ ਇੱਕ ਵਫਦ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਦੀ ਅਗਵਾਈ ਹੇਠ ਏਡੀਸੀ ਰਾਹੁਲ ਚਾਬਾ ਨੂੰ ਮਿਲਿਆ ਅਤੇ ਮੁਖੱ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਲਈ ਮੰਗ ਪੱਤਰ ਦਿੱਤਾ ਜਿਸ ਵਿੱਚ ਇੰਡੀਆ ਨਿਊਜ਼ ਦੇ ਪਟਿਆਲਾ ਤੋਂ ਪੱਤਰਕਾਰ ਅਵਿਨਾਸ਼ ਕੰਬੋਜ ਦੇ ਪਰਵਾਰ ਨੂੰ 1 ਕਰੋੜ ਰੁਪਏ ਮਾਲੀ ਸਹਾਇਤਾ ਅਤੇ ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਜ਼ੋਰਦਾਰ ਮੰਗ ਕੀਤੀ ਗਈ । ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਪੱਤਰਕਾਰ ਅਵਿਨਾਸ਼ ਕੰਬੋਜ ਦੀ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਮੰਗ ਪੱਤਰ ਨੂੰ ਯੋਗ ਪ੍ਰਣਾਲੀ ਰਾਹੀਂ ਮੁੱਖ ਮੰਤਰੀ ਤੱਕ ਜ਼ਰੂਰ ਭੇਜਿਆ ਜਾਵੇਗਾ । ਇਸ ਮੌਕੇ ਜਾਇੰਟ ਸਕੱਤਰ ਇੰਡੀਆ ਤਰਸੇਮ ਦੀਵਾਨਾ, ਵਾਈਸ ਚੇਅਰਮੈਨ ਪੰਜਾਬ ਗੁਰਬਿੰਦਰ ਸਿੰਘ ਪਲਾਹਾ, ਸੀਨੀਅਰ ਮੀਤ ਪ੍ਰਧਾਨ ਅਸ਼ਵਿਨ ਸ਼ਰਮਾ, ਹਰਪਾਲ ਲਾਡਾ, ਅਮਰਜੀਤ ਭੱਟੀ ਅਤੇ ਹੋਰ ਪੱਤਰਕਾਰ ਸਾਥੀ ਹਾਜ਼ਰ ਸਨ। ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਇੰਡੀਆ ਨਿਊਜ਼ ਲਈ ਪਟਿਆਲਾ ਤੋਂ ਪੱਤਰਕਾਰ ਅਵਿਨਾਸ਼ ਭੰਡਾਰੀ 5 ਜੂਨ 2024 ਨੂੰ ਕਵਰੇਜ ਕਰਨ ਲਈ ਗਿਆ ਤਾਂ ਐੱਨ ਉਸ ਵਕਤ ਬੜੇ ਜੋਰ ਨਾਲ ਚੱਲੀ ਹਨੇਰੀ ਕਾਰਣ ਨਗਰ ਨਿਗਮ ਦਾ ਇੱਕ ਖੰਬਾ ਡਿੱਗ ਕੇ ਉਸ ਦੇ ਸਿਰ ਵਿੱਚ ਵੱਜਾ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਿਸ ਕਾਰਨ ਪਿੱਛੇ ਰਹਿ ਗਏ ਪਤਨੀ ਸਮੇਤ ਤਿੰਨ ਛੋਟੇ ਬੱਚਿਆਂ ਦਾ ਗੁਜਾਰਾ ਆਉਣ ਵਾਲੇ ਸਮੇਂ ਵਿੱਚ ਅਤਿ ਮੁਸ਼ਕਿਲ ਹੋਵੇਗਾ। ਉਨ੍ਹਾਂ ਦੱਸਿਆ ਕਿ ਇੱਕ ਪੱਤਰਕਾਰ ਬਿਨਾਂ ਕਿਸੇ ਤਨਖਾਹ, ਬਿਨਾਂ ਭੇਦਭੇਦ ਦੇ ਸਮਾਜ ਅਤੇ ਸਰਕਾਰ ਦੀ ਨਿਸ਼ਕਾਮ ਸੇਵਾ ਕਰਦਾ ਹੈ ਜਿਸ ਕਰਕੇ ਪੱਤਰਕਾਰ ਨੂੰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ।ਇਸ ਲਈ ਜੱਥੇਬੰਦੀ ਮੰਗ ਕਰਦੀ ਹੈ ਕਿ ਅਵਿਨਾਸ਼ ਕੰਬੋਜ ਦੇ ਪਰਿਵਾਰ ਨੂੰ 1 ਕਰੋੜ ਰੁਪਏ ਅਤੇ ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ । ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਮੰਗ ਕੀਤੀ ਗਈ ਕਿ ਸਾਰੇ ਰਜਿਸਟਰਡ ਚੈਨਲਾਂ, ਵੈਬ ਚੈਨਲਾਂ, ਅਖਬਾਰਾਂ ਤੇ ਵੈਬ ਪੋਰਟਲਾਂ ਦੇ ਸਮੂਹ ਪੱਤਰਕਾਰਾਂ ਨੂੰ ਸਰਕਾਰੀ ਪੱਧਰ 'ਤੇ ਪੰਜ ਲੱਖ ਤੱਕ ਦੀ ਮੈਡੀਕਲ ਇੰਸ਼ੋਰੈਂਸ ਅਤੇ ਇਕ ਕਰੋੜ ਤੱਕ ਦੀ ਐਕਸੀਡੈਂਟਲ ਇਨਸ਼ੋਰੈਂਸ ਦੀ ਸਹੂਲਤ ਦਿੱਤੀ ਜਾਵੇ ਤੇ ਇਸ ਵੇਲੇ ਸਰਕਾਰ ਵੱਲੋਂ ਪੀਲੇ ਕਾਰਡ ਦੀ ਲਾਈ ਹੋਈ ਸ਼ਰਤ ਹਟਾਈ ਜਾਵੇ । ਉਹਨਾਂ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਇਸ ਸਬੰਧੀ ਮੰਗ ਪੱਤਰ ਪਹਿਲਾਂ ਹੀ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਭੇਜੇ ਜਾ ਚੁੱਕੇ ਹਨ ਜਿਨਾਂ ਉੱਪਰ ਕੋਈ ਕਾਰਵਾਈ ਨਹੀਂ ਕੀਤੀ ਗਈ । ਇੱਥੇ ਇਹ ਵੀ ਦਸਣਾ ਜ਼ਰੂਰੀ ਹੈ ਕਿ ਇੱਕ ਪੱਤਰਕਾਰ ਸਮਾਜ ਅਤੇ ਸਰਕਾਰ ਦੇ ਨਰੋਏ ਪਣ ਲਈ ਸਦਾ ਹੀ ਹਰ ਔਖੇ ਸਮੇਂ ਵਿੱਚ ਆਪਣੀ ਜਾਨ ਦੀ ਪਰਵਾਹ ਨਾ ਕੀਤੇ ਬਿਨਾਂ ਵੀ ਹਰ ਸਚਾਈ ਨੂੰ ਉਜਾਗਰ ਕਰਦਾ ਹੈ ।

ਜਥੇਦਾਰ ਅਜਨੋਹਾ ਦੀ ਯਾਦ 'ਚ ਉਸਾਰੇ ਗੇਟ ਦਾ ਉਦਘਾਟਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਅਜਨੋਹਾ ਵਿਖੇ ਜਥੇਦਾਰ ਸੁਲਤਾਨ ਸਿੰਘ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਸ਼੍ਰੀ ਆਨੰਦਪੁਰ ਸਾਹਿਬ ਵੱਲੋਂ ਨਵੇਂ ਬਣੇ ਯਾਦਗਾਰੀ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਵੱਲੋਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਅਤੇ ਜਥੇਦਾਰ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦੀ ਯਾਦ ਵਿੱਚ ਯਾਦਗਾਰੀ ਗੇਟ ਦੀ ਉਸਾਰੀ ਕਰਵਾਈ । ਗੇਟ ਦਾ ਉਦਘਾਟਨ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਹੈੱਡ ਗ੍ਰੰਥੀ ਸ਼੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਲੋਂ ਗੁਰੂ ਸਾਹਿਬ ਜੀ ਦਾ ਓਟ ਆਸਰਾ ਅਰਦਾਸ ਕਰਕੇ ਕੀਤਾ । ਇਸ ਸੰਬੰਧ ਵਿੱਚ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਇਸ ਪੂਰੇ ਗੇਟ ਦੀ ਉਸਾਰੀ ਦੀ ਸੇਵਾ ਨਰੂੜ ਨਿਵਾਸੀ ਸਾਬਕਾ ਸਰਪੰਚ ਹਰਦੇਵ ਕੌਰ ਉਹਨਾਂ ਦੇ ਸਪੁੱਤਰ ਗੁਰਮੀਤ ਸਿੰਘ ਲੁਗੀ ਕਨੇਡਾ ਪਰਮਜੀਤ ਸਿੰਘ ਪੰਮਾ ਇੰਗਲੈਂਡ ਨੇ ਆਪਣੇ ਦਾਦਾ ਸਵ. ਮਿਲਖਾ ਸਿੰਘ ਸੀਹਰਾ ਰਾਮਗੜ੍ਹੀਏ ਅਤੇ ਪਿਤਾ ਮੋਹਣ ਸਿੰਘ ਦੀ ਯਾਦ ਵਿੱਚ ਕੀਤੀ ।ਸੰਸਥਾ ਦੀ ਸਮੂਹ ਟੀਮ ਨੇ ਅਤੇ ਨਗਰ ਵਾਸੀਆਂ ਨੇ ਸਾਬਕਾ ਸਰਪੰਚ ਹਰਦੇਵ ਕੌਰ ਤੇ ਉਹਨਾਂ ਦੇ ਸਮੂਹ ਪਰਵਾਰ ਦਾ ਇਸ ਨੇਕ ਕਾਰਜ ਲਈ ਦਿਲ ਦੀ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰ ਸੰਗਤਾਂ ਬਲਜੀਤ ਸਿੰਘ ਬਿੱਲਾ, ਸਕੱਤਰ ਪਰਮਜੀਤ ਸਿੰਘ ਸਰੋਆ ਦਿਹਾਣਾ , ਜਰਨਲ ਸਕੱਤਰ ਹਰਪਾਲ ਸਿੰਘ, ਕਮਲਜੀਤ ਕੌਰ, ਭੁਪਿੰਦਰ ਕੌਰ, ਸਰਪੰਚ ਸੁਰਜੀਤ ਸਿੰਘ, ਜਸਵਿੰਦਰ ਕੌਰ, ਗੁਰਪ੍ਰੀਤ ਸਿੰਘ ਗੂਗਲੀ, ਸੁਮੀਤ ਪਾਲ ਸਿੰਘ, ਅਮ੍ਰਿੰਤ ਗੁਰਪ੍ਰੀਤ ਸਿੰਘ ਪੀਤੀ, ਸਤਨਾਮ ਸਿੰਘ ਪੰਚ, ਜਰਨੈਲ ਸਿੰਘ, ਹਰਕੀਰਤ ਸਿੰਘ ਆਸਟ੍ਰੇਲੀਆ, ਮਨਪ੍ਰੀਤ ਸਿੰਘ, ਅਰਸ਼ਦੀਪ ਸਿੰਘ,ਗੌਰਵ ਬੱਧਣ, ਹਰੀ ਸਿੰਘ ਭਾਮ, ਜਤਿੰਦਰ ਸਿੰਘ ਰਾਣਾ ਖਾਲਸਾ, ਸੁਖਦੇਵ ਸਿੰਘ,ਮਾਸਟਰ ਹਰਭਜਨ ਸਿੰਘ, ਸਾਬਕਾ ਸਰਪੰਚ ਨਿੰਰਕਾਰ ਸਿੰਘ, ਸੰਨੀ, ਦੀਦਾਰ ਸਿੰਘ,ਇੰਦਰ ਸਿੰਘ, ਹਰਕੀਰਤ ਸਿੰਘ ਗੋਰਖਾ, ਸੰਤੋਖ ਸਿੰਘ, ਹਰਜੀਤ ਸਿੰਘ, ਹਰਮੇਸ਼ ਸਿੰਘ, ਅਮਰਜੀਤ ਸਿੰਘ ਅੰਬੀ,ਜੀਤ ਸਿੰਘ, ਰਣਜੀਤ ਸਿੰਘ ਪੱਪੂ, ਸੰਤੋਖ ਸਿੰਘ, ਮਨਜੀਤ ਸਿੰਘ ਖਾਲਸਾ ਸੁਖਵਿੰਦਰ ਸਿੰਘ ਬਰਫੀ, ਦਰਬਾਰਾ ਸਿੰਘ, ਹਰਭਜਨ ਸਿੰਘ ਭਜਾ, ਸ਼ਿਗਾਰਾ ਸਿੰਘ, ਸੁਰਿੰਦਰ ਪਾਲ ਸਿੰਘ, ਕ੍ਰਿਪਾਲ ਸਿੰਘ, ਕਮਲਜੀਤ ਸਿੰਘ ਰਾਣਾ ਖਾਲਸਾ, ਅਸ਼ੋਕ ਕੁਮਾਰ ਰਾਣਾ,ਜੈ ਪਾਲ, ਗੁਰਨਾਮ ਸਿੰਘ ਖਾਲਸਾ, ਪਰਮਜੀਤ ਸਿੰਘ, ਮਨਜੀਤ ਸਿੰਘ ਸੋਨੂੰ, ਲੰਬਰਦਾਰ ਪਰਮਜੀਤ ਸਿੰਘ ਜਲਵੇਹੜਾ, ਵਿਜੇ ਸਟੂਡੀਓ,ਮੋਹਨ ਸਿੰਘ, ਬਲਵੀਰ ਸਿੰਘ ਕਨੇਡਾ, ਵਿਜੇ ਸਿੰਘ,ਪੰਚ ਗੁਰਮੀਤ ਸਿੰਘ, ਜਸਵਿੰਦਰ ਸਿੰਘ,ਗੁਰਚਰਨ ਸਿੰਘ,ਬੂਟਾ ਸਿੰਘ ਆਦਿ ਹਾਜ਼ਰ ਸਨ।

ਸਰਕਾਰ ਵਿਰੁੱਧ ਬੇਰੁਜ਼ਗਾਰਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਆਪਣਾ ਗੁੱਸਾ ਕੀਤਾ ਜ਼ਾਹਰ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪੰਜਾਬ ਦੀ ਆਪ ਸਰਕਾਰ ਵਿਰੁੱਧ 2024 ਲੋਕ ਸਭਾ ਚੋਣਾਂ ਦੌਰਾਨ ਸੂਬੇ ਭਰ ਦੇ ਬੇਰੁਜ਼ਗਾਰਾਂ, ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਹੋਰ ਮਾਣਭੱਤਾ ਵਰਕਰਾਂ ਦੁਆਰਾ ਮੰਗਾਂ ਪ੍ਰਤੀ ਅਪਣਾਈ ਗਈ ਟਾਲ ਮਟੋਲ ਦੀ ਨੀਤੀ ਦਾ ਖਾਮਿਆਜਾ ਪੰਜਾਬ ਸਰਕਾਰ ਨੂੰ ਭੁਗਤਣਾ ਪਿਆ ਅਤੇ ਪੰਜਾਬ ਵਿੱਚ ਕੇਵਲ ਤਿੰਨ ਸੀਟਾਂ ਜਿੱਤ ਕੇ ਸੰਤੋਸ਼ ਕਰਨਾ ਪਿਆ। ਪੰਜਾਬ ਸਰਕਾਰ ਕੋਲ ਅਜੇ ਵੀ ਸਮਾਂ ਹੈ ਪੰਜਾਬ ਦੇ ਲੋਕਾਂ, ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਨ ਦਾ। ਜੇਕਰ ਵਾਅਦੇ ਪੂਰੇ ਨਹੀਂ ਕੀਤੇ ਜਾਂਦੇ ਤਾਂ 2027 ਦੀਆਂ ਚੋਣਾਂ ਦੌਰਾਨ ਆਪ ਸਰਕਾਰ ਦੀ ਬਹੁਤ ਬੁਰੀ ਹਾਰ ਹੋਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਕੋਟ ਫਤੂਹੀ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਕਾਂਰ ਸਿੰਘ ਅਤੇ ਵਿੱਤ ਸਕੱਤਰ ਹਰਮਨੋਜ ਕੁਮਾਰ ਨੇ ਸਾਂਝੇ ਤੌਰ 'ਤੇ ਕੀਤਾ। ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਅਧੂਰਾ ਨੋਟੀਫਿਕੇਸ਼ਨ, ਆਉਟਸੋਰਸਿੰਗ ਮੁਲਾਜ਼ਮ, 2.59 ਗੁਣਾਂਕ, ਮਾਣਭੱਤਾ ਮੁਲਾਜਮ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨ, ਪੇਅ-ਕਮਿਸ਼ਨ ਬਕਾਏ ਅਤੇ ਕਈ ਹੋਰ ਹੱਕੀ ਅਤੇ ਜਾਇਜ ਮੰਗਾਂ ਪ੍ਰਤੀ ਸਰਕਾਰ ਗੰਭੀਰ ਨਾ ਹੋਣ ਅਤੇ ਕੇਵਲ ਖੋਖਲੀ ਇਸ਼ਤਿਹਾਰਬਾਜੀ ਕਰਨ ਦਾ ਖਾਮਿਆਜ਼ਾ ਪੰਜਾਬ ਸਰਕਾਰ ਨੂੰ ਭੁਗਤਣਾ ਪਿਆ। ਆਗੂਆਂ ਵਲੋਂ ਕਿਹਾ ਗਿਆ ਕਿ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵਲੋਂ 5 ਮਈ ਦੇ ਲਏ ਫੈਸਲੇ ਅਨੁਸਾਰ ਕੇਂਦਰ ਦੀ ਬੀਜੇਪੀ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ ਨੂੰ ਸਬਕ ਸਿਖਾਉਣ ਲਈ ਮੁਲਾਜਮ-ਪੈਨਸ਼ਨਰ ਵਰਗ ਦਾ ਵੀ ਧੰਨਵਾਦ ਅਤੇ ਆਉਣ ਵਾਲੇ ਸਮੇਂ ਲਈ ਤਗੜੇ ਸੰਘਰਸ਼ਾਂ ਲਈ ਤਿਆਰ ਰਹਿਣ ਲਈ ਕਿਹਾ ਗਿਆ। ਇਸ ਮੌਕੇ ਦਵਿੰਦਰ ਸਿੰਘ, ਬਲਜੀਤ ਸਿੰਘ, ਸੁਰਜੀਤ ਸਿੰਘ, ਹਰਮਿੰਦਰ ਸਿੰਘ ਅਤੇ ਹੋਰ ਮੌਜੂਦ ਸਨ।

ਬਾਬਾ ਪੰਜ ਪੀਰ ਦੀ ਸਮਾਧ 'ਤੇ ਸਾਲਾਨਾ ਭੰਡਾਰਾ ਕਰਵਾਇਆ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)– ਪਿੰਡ ਨਲਹੋਟੀ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੰਜ ਪੀਰਾਂ ਦੀ ਸਮਾਧ ਸਾਲਾਨਾ ਭੰਡਾਰਾ ਕਰਵਾਇਆ ਗਿਆ। ਇਸ ਤੋਂ ਪਹਿਲਾ ਸਮੂਹ ਸੰਗਤਾਂ ਵਲੋਂ ਹਵਨ ਯੱਗ ਕਵਾਇਆ ਗਿਆ, ਉਪਰੰਤ ਡੇਰੇ ਦੇ ਪ੍ਰਬੰਧਕ ਬਾਬਾ ਰਾਕੇਸ਼ ਕੁਮਾਰ ਅਤੇ ਸਮੂਹ ਸੰਗਤਾਂ ਵਲੋਂ ਝੰਡੇ ਦੀ ਰਸਮ ਕੀਤੀ ਗਈ। ਇਸ ਮੌਕੇ ਜ਼ਾਹਰਵੀਰ ਭਜਨ ਮੰਡਲੀ, ਕਰਨ ਗੁਜਰ ਜੰਡੀ ਐਂਡ ਪਾਰਟੀ ਵਲੋਂ ਪੀਰਾਂ ਦੀ ਮਹਿਮਾਂ ਦਾ ਗੁਣਗਾਨ ਕੀਤਾ ਗਿਆ ਉਪਰੰਤ ਗੁਰੂ ਕਾ ਲੰਗਰ ਵੀ ਵਰਤਇਆ ਗਿਆ। ਇਸ ਮੌਕੇ ਰਾਕੇਸ਼ ਕੁਮਾਰ, ਲਾਡੀ, ਰਾਮ ਸਰੂਪ, ਰਣਜੀਤ ਸਿੰਘ ਪੰਚ, ਸੁਖ ਰਾਮ, ਸਰਬਨ ਸਿੰਘ, ਵਰਿੰਦਰ ਕੁਮਾਰ, ਕਮਲ ਸਿੰਘ, ਸੋਮਾ, ਕਮਲਜੀਤ, ਕਸ਼ਮੀਰ ਚੰਦ, ਗਗਨਦੀਪ, ਜਗਤਾਰ ਸਿੰਘ,ਸੁਰਿੰਦਰ ਸਿੰਘ, ਪਰਸ ਰਾਮ, ਹਰਮੇਸ਼ ਚੰਦ, ਭਾਗ ਸਿੰਘ, ਡਾਕਟਰ ਰਾਮ ਪਿਆਰਾ, ਰਣਜੀਤ ਸਿੰਘ, ਸੁਖਦੇਵ ਸਿੰਘ, ਕੁਲਵੰਤ ਸਿੰਘ, ਰੇਸ਼ਮ ਕਜਲਾ, ਸੰਸਾਰ ਚੰਦ ਸਤਨਾਮ ਕਜਲਾ, ਕਮਲ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ ।

ਕੰਮਕਾਜੀ ਔਰਤਾਂ ਦੇ ਜਿਨਸੀ ਸ਼ੋਸ਼ਣ ਤੋਂ ਬਚਾਅ ਲਈ ਜਾਗਰੂਕਤਾ ਪ੍ਰੋਗਰਾਮ

ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)- ਸੀ.ਜੇ.ਐਮ. ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਜਕਾਰੀ ਪ੍ਰਿੰਸੀਪਲ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਕੰਮਕਾਜੀ ਔਰਤਾਂ ਨੂੰ ਜਿਨਸੀ ਸ਼ੋਸ਼ਣ ਤੋਂ ਬਚਣ ਲਈ ਜਾਗਰੂਕ ਕਰਨ ਲਈ ਗਠਿਤ ਕਮੇਟੀ ਵਲੋਂ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਟ੍ਰੇਨਿੰਗ ਅਫਸਰ ਗੁਰਦੇਵ ਸਿੰਘ ਤੇ ਹੰਸ ਰਾਜ ਨੇ ਇਸਤਰੀ ਕਰਮਚਾਰੀਆਂ ਅਤੇ ਸਿਖਿਆਰਥੀਆ ਨੂੰ ਜਿਨਸੀ ਸ਼ੋਸ਼ਣ ਤੋਂ ਬਚਣ ਲਈ ਜਾਗਰੂਕ ਕੀਤਾ ਅਤੇ ਭਾਰਤ ਸਰਕਾਰ ਵਲੋਂ ਔਰਤਾਂ ਦੇ ਜਿਨਸੀ ਸ਼ੋਸ਼ਣ ਤੋਂ ਬਚਾਓ ਲਈ ਬਣਾਏ ਐਕਟ-2013 ਤੋਂ ਜਾਣੂ ਕਰਵਾਇਆ। ਇਸ ਮੌਕੇ ਕਮੇਟੀ ਮੈਂਬਰ ਪੁਸ਼ਪਿੰਦਰ ਸਿੰਘ, ਕਮਲਪ੍ਰੀਤ ਕੌਰ, ਗਰਿਮਾ ਤੋਂ ਇਲਾਵਾ ਰਵੀਨਾ, ਕੁਲਦੀਪ ਕੌਰ, ਸੰਗੀਤਾ ਰਾਣੀ, ਪੁਰਵਿੰਦਰ ਕੌਰ, ਇੰਦਰਜੀਤ ਕੌਰ, ਪੁਨੀਤ ਕੌਰ ਸਮੇਤ ਸੰਸਥਾ ਦੇ ਸਿਖਿਆਰਥੀ ਹਾਜ਼ਰ ਸਨ।

ਰਿਆਤ-ਬਾਹਰਾ ਕਾਲਜ ਆਫ਼ ਨਰਸਿੰਗ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)- ਰਿਆਤ ਬਾਹਰਾ ਕਾਲਜ ਆਫ਼ ਨਰਸਿੰਗ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮੌਕੇ ਪ੍ਰੋਗਰਾਮ ਕਰਵਾਇਆ ਗਿਆ । ਇਹ ਪ੍ਰੋਗਰਾਮ ਰੈਡ ਰਿਬੇਨ ਕਲੱਬ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਵਿਚਕਾਰ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਵਿਸ਼ੇ ਨਾਲ ਸਬੰਧਤ ਸੁੰਦਰ ਅਤੇ ਸੰਦੇਸ਼ ਦੇਣ ਵਾਲੇ ਪੋਸਟਰ ਬਣਾਏ। ਇਸ ਤੋਂ ਇਲਾਵਾ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਕਾਲਜ ਕੈਂਪਸ ਵਿੱਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ, ਜਿਸ ਨਾਲ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਹਰਿਆ ਭਰਿਆ ਵਾਤਾਵਰਣ ਸਿਰਜਣ ਵੱਲ ਇੱਕ ਹਾਂ-ਪੱਖੀ ਕਦਮ ਪੁੱਟਿਆ ਗਿਆ। ਰੁੱਖ ਲਗਾਉਣ ਦੇ ਪ੍ਰੋਗਰਾਮ ਵਿੱਚ ਭਾਗ ਲੈ ਕੇ ਸਾਰਿਆਂ ਨੇ ਆਪਣੀ ਜ਼ਿੰਮੇਵਾਰੀ ਨੂੰ ਸਮਝਿਆ ਅਤੇ ਵਾਤਾਵਰਣ ਦੀ ਸੰਭਾਲ ਪ੍ਰਤੀ ਸੰਕਲਪ ਲਿਆ। ਇਸ ਮੌਕੇ ਪ੍ਰਿੰਸੀਪਲ ਡਾ. ਮੀਨਾਕਸ਼ੀ ਚਾਂਦ ਨੇ ਕਿਹਾ ਕਿ ਵਾਤਾਵਰਣ ਦਿਵਸ ਦਾ ਇਹ ਜਸ਼ਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਧਰਤੀ ਸਾਡੀ ਜ਼ਿੰਮੇਵਾਰੀ ਹੈ ਅਤੇ ਸਾਨੂੰ ਇਸ ਨੂੰ ਸਿਹਤਮੰਦ ਅਤੇ ਹਰਿਆ-ਭਰਿਆ ਰੱਖਣ ਲਈ ਲਗਾਤਾਰ ਯਤਨ ਕਰਨੇ ਚਾਹੀਦੇ ਹਨ ।

ਉਨ੍ਹਾਂ ਕ

7-JUNE-PAGE-10.qxd 6/6/2024 10:38 PM Page 1

ਹਲਕਾ ਸ਼ੁਤਰਾਣਾ ਦੇ ਗਣਿਤ ਨੇ ਸਭ ਨੂੰ ਹੈਰਾਨੀ 'ਚ ਪਾਇਆ

- ਆਪ ਦੀ ਚੜ੍ਹਤ ਬਰਕਰਾਰ
- ਅਕਾਲੀ ਦਲ ਦੇ ਵੋਟ ਬੈਂਕ ਨੂੰ ਵੱਡੇ ਪੱਧਰ 'ਤੇ ਖੋਰਾ
- ਭਾਜਪਾ ਦੀ ਪ੍ਰਨੀਤ ਕੌਰ ਨੂੰ ਪਈ ਬੰਪਰ ਵੋਟ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)

ਲੋਕ ਸਭਾ ਚੋਣਾਂ ਦੇ ਆਏ ਨਤੀਜਿਆਂ ਦੌਰਾਨ ਹਲਕਾ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੇ ਸ਼ਾਨਦਾਰ ਜਿੱਤ ਦਰਜ ਕਰਕੇ ਇਤਿਹਾਸ ਰਚਿਆ ਹੈ।ਪਹਿਲਾਂ ਤੋਂ ਹੀ ਚੋਣ ਮੁਹਿਮ ਵਿੱਚ ਮੋਹਰੀ ਚੱਲਦੇ ਆ ਰਹੇ ਡਾਕਟਰ ਗਾਂਧੀ ਨੂੰ ਉਨ੍ਹਾਂ ਵੱਲੋਂ ਕੀਤੀ ਗਈ ਮਿਹਨਤ ਦਾ ਫਲ ਮਿਲਿਆ, ਪਰ ਐਲਾਨੇ ਗਏ ਨਤੀਜਿਆਂ 'ਤੇ ਨਜ਼ਰ ਮਾਰੀਏ ਤਾਂ ਬੜਾ ਕੁਝ ਹੈਰਾਨ ਕਰਨ ਵਾਲਾ ਵਾਪਰਿਆ ਹੈ।ਲੋਕ ਸਭਾ ਹਲਕਾ ਪਟਿਆਲਾ ਵਿੱਚ ਪੈਂਦੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਪਈਆਂ ਵੋਟਾਂ 'ਚ ਬੇਸ਼ੱਕ ਆਮ ਆਦਮੀ ਪਾਰਟੀ ਆਪਣੀ ਬੜ੍ਹਤ ਬਣਾਈ ਰੱਖਣ ਵਿੱਚ ਕਾਮਯਾਬ ਰਹੀ, ਪਰ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਸ਼੍ਰੀਮਤੀ ਪਰਨੀਤ ਕੌਰ ਨੂੰ ਪਈਆਂ ਰਿਕਾਰਡ ਵੋਟਾਂ ਨੇ ਜਿੱਥੇ ਸਭ ਨੂੰ ਹੈਰਾਨੀ ਵਿੱਚ ਪਾ ਕੇ ਰੱਖ ਦਿੱਤਾ, ਉੱਥੇ ਅਕਾਲੀ ਦਲ ਦੇ ਵੋਟ ਬੈਂਕ ਵਿੱਚ ਆਈ ਵੱਡੀ ਗਿਰਾਵਟ ਨੇ ਅਕਾਲੀ ਹਿਤੈਸ਼ੀਆਂ ਨੂੰ ਚਿੰਤਾ ਦੇ ਆਲਮ ਵਿੱਚ ਡੋਬ ਦਿੱਤਾ ਹੈ।

ਐਲਾਨੇ ਗਏ ਚੋਣ ਨਤੀਜਿਆਂ ਅਨੁਸਾਰ ਹਲਕਾ ਸ਼ੁਤਰਾਣਾ ਵਿੱਚ ਪਈਆਂ ਵੋਟਾਂ ਉੱਤੇ ਸਰਸਰੀ ਨਜ਼ਰ ਮਾਰੀਏ ਤਾਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਵੀਰ ਸਿੰਘ ਨੇ ਹਲਕਾ ਸ਼ੁਤਰਾਣਾ ਵਿੱਚੋਂ ਲੀਡ ਹਾਸਲ ਕੀਤੀ ਹੈ।ਉਨ੍ਹਾਂ ਨੂੰ 32499 ਵੋਟਾਂ ਮਿਲੀਆਂ, ਜਦੋਂਕਿ ਉਨ੍ਹਾਂ ਦੇ ਨੇੜਲੇ ਵਿਰੋਧੀ ਕਾਂਗਰਸ ਪਾਰਟੀ ਦੇ ਡਾਕਟਰ ਧਰਮਵੀਰ ਗਾਂਧੀ ਨੂੰ 27353 ਵੋਟਾਂ ਹਾਸਲ ਹੋਈਆਂ।ਇਸ ਤਰ੍ਹਾਂ ਡਾਕਟਰ ਬਲਵੀਰ ਸਿੰਘ ਨੂੰ ਹਲਕਾ ਸ਼ੁਤਰਾਣਾ ਵਿੱਚੋਂ 5146 ਵੋਟਾਂ ਦੀ ਲੀਡ ਪ੍ਰਾਪਤ ਹੋਈ।ਜੇਕਰ ਪਿਛਲੀਆਂ ਵਿਧਾਨ ਸਭਾ ਚੋਣਾਂ ਉੱਤੇ ਨਜ਼ਰ ਮਾਰੀਏ ਤਾਂ ਆਮ ਆਦਮੀ ਪਾਰਟੀ ਦੇ ਕੁਲਵੰਤ ਸਿੰਘ ਬਾਜ਼ੀਗਰ ਨੂੰ ਹਲਕਾ ਸ਼ੁਤਰਾਣਾ ਵਿੱਚੋਂ 52 ਹਜ਼ਾਰ ਤੋਂ ਵੱਧ ਵੋਟਾਂ ਦੀ ਲੀਡ ਪ੍ਰਾਪਤ ਹੋਈ ਸੀ।ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਬੀਬੀ ਵਨਿੰਦਰ ਕੌਰ ਲੂੰਬਾ ਨੂੰ 30 ਹਜ਼ਾਰ ਦੇ ਕਰੀਬ ਵੋਟ ਪਈ ਸੀ, ਜੋ ਇਨ੍ਹਾਂ ਚੋਣਾਂ ਦੌਰਾਨ ਸਿਰਫ 14118 ਵੋਟਾਂ ਤੱਕ ਸਿਮਟ ਗਈ, ਜਦੋਂਕਿ 11000 ਦੇ ਕਰੀਬ ਵੋਟਾਂ ਪ੍ਰਾਪਤ ਕਰਨ ਵਾਲੀ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੂੰ ਇਸ ਵਾਰ 16 ਹਜ਼ਾਰ ਦੇ ਕਰੀਬ ਵੋਟਾਂ ਦਾ ਵਾਧਾ ਹੋਇਆ।ਸਭ ਤੋਂ ਹੈਰਾਨੀਜਨਕ ਪਹਿਲੂ ਇਹ ਰਿਹਾ ਕਿ ਚਾਰ ਵਾਰ ਕਾਂਗਰਸ ਦੀ ਟਿਕਟ 'ਤੇ ਲੋਕ ਸਭਾ ਮੈਂਬਰ ਬਣੇ ਸ਼੍ਰੀਮਤੀ ਪਰਨੀਤ ਕੌਰ ਇਸ ਵਾਰ ਭਾਰਤੀ ਜਨਤਾ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਉੱਤਰਣ ਮਗਰੋਂ ਆਪਣਾ ਹਲਕਾ ਸ਼ੁਤਰਾਣਾ ਵਿੱਚ ਤਗੜਾ ਵੋਟ ਬੈਂਕ ਪ੍ਰਾਪਤ ਕਰਨ ਵਿੱਚ ਸਫਲ ਰਹੇ।ਉਨ੍ਹਾਂ ਨੂੰ ਪਾਤੜਾਂ ਸ਼ਹਿਰ ਦੇ ਨਾਲ ਨਾਲ ਇਲਾਕੇ ਦੇ ਅਨੁਸੂਚਿਤ ਜਾਤੀ ਵਰਗ ਦੀ ਬਹੁਗਿਣਤੀ ਵਾਲੇ ਪਿੰਡਾਂ ਵਿੱਚ ਬੰਪਰ ਵੋਟ ਪਈ।ਉਹ ਹਲਕੇ ਵਿੱਚੋਂ 24,501 ਵੋਟਾਂ ਪ੍ਰਾਪਤ ਕਰਕੇ ਅਕਾਲੀ ਦਲ ਦੇ ਉਮੀਦਵਾਰ ਐੱਨ ਕੇ ਸ਼ਰਮਾ ਨੂੰ ਪਛਾੜ ਕੇ ਤੀਜਾ ਸਥਾਨ ਹਾਸਲ ਕਰਨ ਵਿੱਚ ਸਫਲ ਰਹੇ।ਇਸ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਪ੍ਰੋਫੈਸਰ ਮਹਿੰਦਰ ਪਾਲ ਸਿੰਘ ਨੂੰ 7299 ਤੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਜਗਜੀਤ ਸਿੰਘ ਛੜਬੜ ਨੂੰ 2805 ਵੋਟਾਂ ਮਿਲੀਆਂ, ਜਦੋਂਕਿ 524 ਲੋਕਾਂ ਨੇ ਨੋਟਾ ਦਾ ਬਟਨ ਦਬਾਉਂਦਿਆਂ ਕਿਸੇ ਵੀ ਉਮੀਦਵਾਰ ਪ੍ਰਤੀ ਨਾ-ਪਸੰਦੀ ਲਈ ਆਪਣੇ ਵੋਟ ਦਾ ਇਸਤੇਮਾਲ ਕੀਤਾ।

ਕਾਮਰੇਡ ਬੀਰੋਕੇ ਨੂੰ ਸਦਮਾ, ਭਣੋਈਏ ਦੀ ਸੜਕ ਹਾਦਸੇ 'ਚ ਮੌਤ

ਮਾਨਸਾ (ਆਤਮਾ ਸਿੰਘ ਪਮਾਰ)

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਜ਼ਿਲ੍ਹਾ ਕਮੇਟੀ ਮਾਨਸਾ ਦੇ ਸਕੱਤਰੇਤ ਮੈਂਬਰ ਤੇ ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਾ. ਜਸਵੰਤ ਸਿੰਘ ਬੀਰੋਕੇ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਭਣੋਈਏ ਤਰਸੇਮ ਸਿੰਘ ਚੋਟੀਆਂ (68 ਸਾਲ) ਇੱਕ ਸੜਕ ਹਾਦਸੇ 'ਚ ਸਦੀਵੀ ਵਿਛੋੜਾ ਦੇ ਗਏ।ਦੱਸਣਯੋਗ ਹੈ ਕਿ ਮਰਹੂਮ ਤਰਸੇਮ ਸਿੰਘ ਚੋਟੀਆਂ ਸੀ.ਪੀ.ਆਈ. (ਐੱਮ) ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਦੇ ਫੁੱਫੜ ਜੀ ਸਨ।ਉਨ੍ਹਾ ਨਮਿਤ ਪਾਠ ਦਾ ਭੋਗ 9 ਜੂਨ ਨੂੰ ਪਿੰਡ ਚੋਟੀਆਂ (ਸੰਗਰੂਰ) ਵਿਖੇ ਦੁਪਹਿਰ ਕਰੀਬ 12:30 ਵਜੇ ਪਵੇਗਾ।ਉਨ੍ਹਾ ਦੀ ਬੇਵਕਤੀ ਮੌਤ 'ਤੇ ਦੁੱਖ ਜ਼ਾਹਰ ਕਰਨ ਵਾਲਿਆਂ ਵਿੱਚ ਸੀ. ਪੀ. ਆਈ. (ਐੱਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੂਬਾ ਸਕੱਤਰੇਤ ਮੈਂਬਰ ਕਾਮਰੇਡ ਭੂਪ ਚੰਦ ਚੇਨੇ, ਜ਼ਿਲ੍ਹਾ ਸੰਗਰੂਰ ਦੇ ਸਕੱਤਰ ਕਾਮਰੇਡ ਚਮਕੌਰ ਸਿੰਘ ਖੇੜੀ, ਸੀ.ਪੀ.ਆਈ. (ਐੱਮ) ਜ਼ਿਲ੍ਹਾ ਮਾਨਸਾ ਦੇ ਸੀਨੀਅਰ ਆਗੂਆਂ ਕਾ. ਅਵਤਾਰ ਸਿੰਘ ਛਾਪਿਆਂਵਾਲੀ, ਕਾ. ਨਛੱਤਰ ਸਿੰਘ ਢੈਪਈ, ਕਾ. ਅਮਰਜੀਤ ਸਿੰਘ ਸਿੱਧੂ, ਆਲ ਇੰਡੀਆ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾ. ਦਰਸ਼ਨ ਸਿੰਘ ਧਲੇਵਾਂ, ਜ਼ਿਲ੍ਹਾ ਮੀਤ ਪ੍ਰਧਾਨ ਸਾਥੀ ਹਰਜਿੰਦਰ ਸਿੰਘ ਬਰੇਟਾ, ਸੀਨੀਅਰ ਮੀਤ ਪ੍ਰਧਾਨ ਕਾ. ਹਰਨੇਕ ਸਿੰਘ ਖੀਵਾ, ਕਾ. ਬਲਵਿੰਦਰ ਸਿੰਘ ਭੁਪਾਲ, ਸੀ ਪੀ ਆਈ (ਐੱਮ.) ਦੇ ਸ਼ਹਿਰੀ ਸਕੱਤਰ ਤੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾ. ਘਨੀਸ਼ਾਮ ਨਿੱਕੂ, ਕਾ. ਗੁਰਚਰਨ ਸਿੰਘ ਕੈਂਥ, ਗੌਰਮਿੰਟ ਟੀਚਰਜ਼ ਯੂਨੀਅਨ (ਵਿਗਿਆਨਕ) ਦੇ ਆਗੂ ਸਾਥੀ ਮੱਖਣ ਸਿੰਘ ਬੀਰ, ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਆਗੂ ਪ੍ਰਦੀਪ ਸਿੰਘ ਸਿੱਧੂ, ਸੀਟੂ ਦੇ ਜ਼ਿਲ੍ਹਾ ਕਾ. ਡੀ. ਐੱਸ. ਜੋਗਾ, ਕਾ. ਸੁਰੇਸ਼ ਕੁਮਾਰ ਮਾਨਸਾ, ਜਨਵਾਦੀ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਬਿੰਦਰ ਸਿੰਘ ਅਹਿਮਦਪੁਰ, ਮਨਰੇਗਾ ਮਜ਼ਦੂਰ ਯੂਨੀਅਨ (ਸੀਟੂ) ਦੇ ਜ਼ਿਲ੍ਹਾ ਪ੍ਰਧਾਨ ਕਾ. ਤੇਜਾ ਸਿੰਘ ਹੀਰਕੇ, ਕਾ. ਗੁਰਪ੍ਰੀਤ ਸਿੰਘ ਬਰਨ, ਕਾ. ਸਿਮਰੂ ਸਿੰਘ ਬਰਨ, ਪੰਜਾਬ ਭਵਨ ਨਿਰਮਾਣ ਮਜ਼ਦੂਰ ਯੂਨੀਅਨ (ਸੀਟੂ) ਦੇ ਸੀਨੀਅਰ ਆਗੂ ਕਾ. ਕੇਸਰ ਮਾਨਸਾ, ਕਾ. ਰਾਜੂ ਗੋਸਵਾਮੀ, ਕਾ. ਬੀਰਬਲ ਸਿੰਘ ਚੌਹਾਨ, ਕਾ. ਰਾਜੂ ਯਾਦਵ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾ. ਜਗਸੀਰ ਸਿੰਘ ਜੱਗਾ ਬਰੇਟਾ, ਕਾ. ਰੂਪਾ ਸਿੰਘ ਬੁਢਲਾਡਾ, ਕਾ. ਜਗਦੇਵ ਸਿੰਘ ਢੈਪਈ, ਭੱਠਾ ਮਜ਼ਦੂਰ ਯੂਨੀਅਨ (ਸੀਟੂ) ਦੇ ਆਗੂ ਕਾ. ਸੰਤ ਰਾਮ ਬੀਰੋਕੇ, ਸੀ.ਪੀ.ਆਈ. (ਐੱਮ) ਏਰੀਆ ਕਮੇਟੀ ਭੀਖੀ ਦੇ ਆਗੂ ਪਰਵਿੰਦਰ ਸਿੰਘ ਭੀਖੀ, ਹਰਦੇਵ ਸਿੰਘ ਖੀਵਾ ਕਲਾਂ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਾ. ਬਲਜੀਤ ਸਿੰਘ ਖੀਵਾ ਆਦਿ ਸ਼ਾਮਲ ਸਨ।

ਵਿਵੇਕਾਨੰਦ ਵਰਲਡ ਸਕੂਲ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਪੌਦੇ ਲਾਏ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਵੇਕਾਨੰਦ ਵਰਲਡ ਸਕੂਲ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮੌਕੇ ਪੌਦਾ ਲਾਉਣ ਦੀ ਮੁਹਿਮ ਚਲਾਈ ਗਈ। ਸਕੂਲ ਦੇ ਡਾਇਰੈਕਟਰ ਡਾ. ਐਸ.ਐਨ.ਰੁਦਰਾ ਨੇ ਦੱਸਿਆ ਕਿ ਵਿਸ਼ਵ ਵਾਤਾਵਰਨ ਦਿਵਸ ਮੌਕੇ ਵਿਵੇਕਾਨੰਦ ਵਰਲਡ ਸਕੂਲ ਵੱਲੋਂ ਬਸਤੀ ਟੈਂਕਾਂ ਵਾਲੀ ਰੋਡ 'ਤੇ ਬੂਟੇ ਲਾਉਣ ਦੀ ਮੁਹਿਮ ਦਾ ਆਯੋਜਨ ਕੀਤਾ ਗਿਆ। ਇਸ ਮੁਹਿਮ ਦਾ ਉਦੇਸ਼ ਵਾਤਾਵਰਣ ਦੀ ਸੁਰੱਖਿਆ ਅਤੇ ਹਰਿਆਲੀ ਨੂੰ ਉਤਸ਼ਾਹਤ ਕਰਨਾ ਸੀ। ਡਾ. ਰੁਦਰ ਨੇ ਕਿਹਾ ਕਿ ਰੁੱਖ ਸਾਡੇ ਜੀਵਨ ਦਾ ਆਧਾਰ ਹਨ। ਇਹ ਨਾ ਸਿਰਫ਼ ਸਾਡੇ ਵਾਤਾਵਰਣ ਨੂੰ ਸ਼ੁੱਧ ਰੱਖਦੇ ਹਨ, ਸਗੋਂ ਸਾਨੂੰ ਸ਼ੁੱਧ ਹਵਾ ਵੀ ਪ੍ਰਦਾਨ ਕਰਦੇ ਹਨ। ਸਾਨੂੰ ਆਪਣਾ ਭਵਿੱਖ ਸੁਰੱਖਿਅਤ ਕਰਨ ਲਈ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ।ਇਸ ਲਈ ਸਾਡੇ ਸਕੂਲ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮੌਕੇ ਰੁੱਖ ਲਾਉਣ ਦੀ ਮੁਹਿਮ ਦੀ ਸਰਗਰਮ ਪਹਿਲ ਕੀਤੀ ਗਈ।ਰੁੱਖ ਲਾਉਣ ਦੀ ਮੁਹਿਮ ਦਾ ਉਦਘਾਟਨ ਸਕੂਲ ਦੇ ਡਾਇਰੈਕਟਰ ਡਾ.ਐਸ.ਐਨ.ਰੁਦਰਾ, ਸਕੂਲ ਚੇਅਰਮੈਨ ਡਾ. ਗੌਰਵ ਸਾਗਰ ਭਾਸਕਰ ਤੇ ਸਕੂਲ ਦੀ ਵਿੱਤੀ ਸਕੱਤਰ ਡੌਲੀ ਭਾਸਕਰ ਵੱਲੋਂ ਕੀਤਾ ਗਿਆ।ਸਕੂਲ ਸਟਾਫ਼ ਅਤੇ ਇਲਾਕਾ ਨਿਵਾਸੀਆਂ ਨੇ ਮਿਲ ਕੇ ਬੂਟੇ ਲਾ ਕੇ ਵਾਤਾਵਰਣ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ ਤੇ ਉਨ੍ਹਾਂ ਨੂੰ ਵਾਤਾਵਰਨ ਸੰਭਾਲ ਦੀ ਮਹੱਤਤਾ ਤੇ ਰੁੱਖਾਂ ਦੀ ਸੰਭਾਲ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਗਈ। ਸਕੂਲ ਦੇ ਮੁੱਖ ਸਰਪ੍ਰਸਤ ਪਰਮਵੀਰ ਸ਼ਰਮਾ ਨੇ ਵਾਤਾਵਰਣ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਾਰਿਆਂ ਨੂੰ ਰੁੱਖ ਲਾਉਣ ਤੇ ਉਨ੍ਹਾਂ ਦੀ ਸੰਭਾਲ ਕਰਨ ਦੀ ਸਹੁੰ ਚੁਕਾਈ। ਸਕੂਲ ਦੀ ਵਾਈਸ ਪ੍ਰਿੰਸੀਪਲ ਸ਼ਿਪਰਾ ਨਰੂਲਾ ਨੇ ਕਿਹਾ ਕਿ ਸਾਡੇ ਵੱਲੋਂ ਚਲਾਈ ਗਈ ਇਸ ਰੁੱਖ ਲਗਾਉਣ ਦੀ ਮੁਹਿਮ ਵਿੱਚ ਇਲਾਕਾ ਨਿਵਾਸੀਆਂ ਤੇ ਸਕੂਲ ਸਟਾਫ਼ ਦੀ ਸ਼ਮੂਲੀਅਤ ਬਹੁਤ ਸ਼ਲਾਘਾਯੋਗ ਸੀ।

ਵਾਤਾਵਰਣ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਲੋਕ : ਸਿੰਗਲਾ

- ਭੀਖੀ ਪਾਰਕ 'ਚ ਵਾਤਾਵਰਣ ਦਿਵਸ ਮਨਾਇਆ

ਭੀਖੀ (ਧਰਮਵੀਰ ਸ਼ਰਮਾ)-ਸਥਾਨਕ ਲਾਲਾ ਦੌਲਤ ਮੱਲ ਮਿਉਂਸਪਲ ਪਾਰਕ ਵਿਖੇ ਵਾਤਾਵਰਣ ਪ੍ਰੇਮੀਆਂ ਤੇ ਵਣ ਵਿਭਾਗ ਵੱਲੋਂ ਵਾਤਾਵਰਣ ਦਿਵਸ ਮਨਾਇਆ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਨਗਰ ਪੰਚਾਇਤ ਭੀਖੀ ਦੇ ਸਾਬਕਾ ਪ੍ਰਧਾਨ ਵਿਨੋਦ ਕੁਮਾਰ ਸਿੰਗਲਾ, ਆਪ ਦੇ ਟਕਸਾਲੀ ਆਗੂ ਮਾ. ਵਰਿੰਦਰ ਸੋਨੀ, ਕਹਾਣੀਕਾਰ ਭੁਪਿੰਦਰ ਫੌਜੀ, ਕਿਸਾਨ ਆਗੂ ਗੁਰਨਾਮ ਸਿੰਘ ਭੀਖੀ ਨੇ ਕਿਹਾ ਕਿ ਲੋਕਾਂ ਵੱਲੋਂ ਕੁਦਰਤ ਨਾਲ ਛੇੜਛਾੜ ਕਰਨ ਕਾਰਨ ਦਿਨ-ਬ-ਦਿਨ ਵਾਤਾਵਰਣ ਦਾ ਸੰਤੁਲਨ ਵਿਗੜ ਰਿਹਾ ਹੈ, ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰਨਾਕ ਸਾਬਿਤ ਹੋਵੇਗਾ।ਉਨ੍ਹਾਂ ਕਿਹਾ ਕਿ ਗਲੋਬਲ ਵਾਰਮਿੰਗ ਦੇ ਖਤਰੇ ਨੂੰ ਘੱਟ ਕਰਨ ਲਈ ਹਰੇਕ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਪਾਲਣ ਦਾ ਅਹਿਦ ਵੀ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਰੁੱਖ ਲਗਾਉਣ ਨਾਲ ਮਨੁੱਖ ਨੂੰ ਪੈ ਰਹੀ ਭਾਰੀ ਗਰਮੀ ਤੋਂ ਵੀ ਰਾਹਤ ਮਿਲੇਗੀ।ਰੇਂਜ ਅਫਸਰ ਸੁਖਦੇਵ ਸਿੰਘ ਤੇ ਦਰੋਗਾ ਮੈਡਮ ਮਨਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਅਗਲੇ ਮਹੀਨੇ ਨਾਨਕ ਬਗੀਚੀ ਸਕੀਮ ਤਹਿਤ ਬੂਟੇ ਲਗਾਏ ਜਾ ਰਹੇ ਹਨ, ਜਿਸ ਲਈ ਲਗਭਗ 200 ਸੁਕੇਅਰ ਮੀਟਰ ਜਗ੍ਹਾ ਦੀ ਜ਼ਰੂਰਤ ਹੈ, ਜਿਸ ਨੂੰ ਕੋਈ ਵੀ ਵਿਅਕਤੀ ਲਗਵਾ ਸਕਦਾ ਹੈ।ਉਨ੍ਹਾਂ ਕਿਹਾ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਲਗਭਗ 500 ਬੂਟੇ ਵੰਡੇ ਤੇ ਲਗਾਏ ਗਏ।ਇਸ ਮੌਕੇ ਗੁਰਮੀਤ ਸਿੰਘ ਬਬਰੇਕਾ, ਸੰਦੀਪ ਮਿੱਤਲ ਦੀਪੂ, ਕ੍ਰਿਸ਼ਨ ਸਿੰਘ ਦਰੋਗਾ, ਨਰਿੰਦਰ ਕੁਮਾਰ ਡੀ.ਸੀ., ਅਸ਼ੋਕ ਜੈਨ, ਪ੍ਰਗਟ ਸਿੰਘ ਸਮਾਉਂ, ਰਾਮ ਸਿੰਘ ਅਕਲੀਆ, ਰਾਮਾ ਸਿੰਘ ਬਖਸ਼ੀਕਾ, ਡਾ. ਰਣਜੀਤ ਸਿੰਘ ਕੱਪੀ, ਬਲਦੇਵ ਸਿੰਘ ਸਿੱਧੂ ਤੇ ਪ੍ਰੈੱਸ ਕਲੱਬ ਦੇ ਪ੍ਰਧਾਨ ਸੁਰੇਸ਼ ਸਿੰਗਲਾ ਆਦਿ ਹਾਜ਼ਰ ਸਨ।

ਟੋਲ ਟੈਕਸ ਤੇ ਪੈਕੇਜ ਦੁੱਧ ਦੀਆਂ ਕੀਮਤਾਂ 'ਚ ਵਾਧਾ ਜਨਤਾ ਨਾਲ ਧੋਖਾ : ਵਿਜੇ ਧੀਰ

ਮੋਗਾ (ਇਕਬਾਲ ਸਿੰਘ ਖਹਿਰਾ)

ਲੋਕ ਸਭਾ ਦੀ ਚੋਣ ਪ੍ਰਕਿਰਿਆ ਸਮਾਪਤ ਹੋਣ ਤੋਂ ਤੁਰੰਤ ਬਾਅਦ ਟੋਲ ਪਲਾਜ਼ਾ ਦੇ ਰੇਟਾਂ ਅਤੇ ਪੈਕੇਜ ਦੁੱਧ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਆਦਤ ਮੁਤਾਬਕ ਸਰਕਾਰ ਨੇ ਜਨਤਾ ਨਾਲ ਧੋਖਾ ਅਤੇ ਬੇਇਨਸਾਫ਼ੀ ਕੀਤੀ ਹੈ ਅਤੇ ਚੋਣ ਪ੍ਰਕਿਰਿਆ ਸ਼ਾਂਤੀਪੂਰਨ ਨਿਪਟਣ ਦੀ ਖੁਸ਼ੀ ਵਿੱਚ ਪੰਜਾਬ ਦੇ ਲੋਕਾਂ ਨੂੰ ਮਹਿੰਗਾਈ ਦਾ ਗਿਫ਼ਟ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇੱਥੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਉਸ ਸਮੇਂ ਕੀਤਾ ਜਦ ਉਹ ਚੋਣ ਪ੍ਰਕਿਰਿਆ ਸਮਾਪਤ ਹੋਣ ਤੋਂ ਤੁਰੰਤ ਬਾਅਦ ਟੋਲ ਪਲਾਜ਼ਾ ਦੇ ਰੇਟਾਂ ਅਤੇ ਪੈਕੇਜ ਦੁੱਧ ਦੇ ਪ੍ਰਤੀ ਲੀਟਰ ਰੇਟਾਂ ਵਿੱਚ ਕੀਤੇ ਗਏ ਵਾਧੇ ਦੀ ਨਿੰਦਾ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਨੈਂਸਲੇ ਠੇਕੇਦਾਰ ਲੇਬਰ ਯੂਨੀਅਨ ਦੇ ਪ੍ਰਧਾਨ ਸ਼ੰਕਰ ਅਤੇ ਠੇਕੇਦਾਰ ਲੇਬਰ ਯੂਨੀਅਨ ਨੈਸਲੇ ਦੇ ਪ੍ਰਧਾਨ ਉਮਰ ਸੀਰ ਸਿੰਘ ਸੀਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ 2 ਐਕਸਲ, 3 ਐਕਸਲ ਅਤੇ 7 ਐਕਸਲ ਕਮਰਸ਼ਸ਼ੀਅਲ ਵਾਹਨਾਂ ਦੇ ਟੋਲ ਰੇਟਾਂ ਵਿੱਚ 5 ਰੁਪਏ

7-JUNE-PAGE-11-Majha-24.qxd 6/6/2024 10:47 PM Page 1

ਕਿਸਾਨ ਅੰਦੋਲਨ ਭਾਜਪਾ ਦੀਆਂ ਜੜ੍ਹਾਂ 'ਚ ਬੈਠਿਆ : ਭੋਜਰਾਜ, ਭੰਗੂ

ਆਗੂਆਂ ਵੱਲੋਂ ਮੰਗਾਂ ਮੰਨੇ ਜਾਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ

ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)-ਐਸ ਕੇ ਐਮ ਗੈਰ ਰਾਜਨੀਤਿਕ ਅਤੇ ਕੇ ਐਮ ਐਮ ਦੀ ਅਗਵਾਈ ਹੇਠ ਸ਼ੰਭੂ, ਢਾਬੀ ਗੁੱਜਰਾਂ, ਖਨੌਰੀ, ਰਤਨਪੁਰਾ ਅਤੇ ਡੱਬਵਾਲੀ ਦੇ ਬਾਰਡਰਾਂ 'ਤੇ ਪਿਛਲੇ ਚਾਰ ਮਹੀਨਿਆਂ ਤੋਂ ਪੱਕੇ ਮੋਰਚੇ ਲਾ ਕੇ ਬੈਠੇ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਿਸਾਨ ਸੰਘਰਸ਼ ਹੀ ਭਾਜਪਾ ਦੀਆਂ ਜੜ੍ਹਾਂ ਵਿੱਚ ਬੈਠਿਆ ਹੈ।

ਇਨ੍ਹਾਂ ਮੋਰਚਿਆਂ ਵਿੱਚ ਸ਼ਾਮਲ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ, ਗੁਰਿੰਦਰ ਸਿੰਘ ਭੰਗੂ, ਸਤਿਨਾਮ ਸਿੰਘ ਬਾਗੜੀਆਂ, ਅਮਰਜੀਤ ਸਿੰਘ ਰੜਾ, ਹਰਸੁਰਿੰਦਰ ਸਿੰਘ ਢਿੱਲੋਂ, ਸੁਖਪਾਲ ਸਿੰਘ ਡਫਰ ਦਾ ਕਹਿਣਾ ਹੈ ਕਿ ਪਿਛਲੇ ਕਿਸਾਨ ਅੰਦੋਲਨ ਦੌਰਾਨ ਮੰਗਾਂ ਮੰਨ ਕੇ ਵੀ ਲਾਗੂ ਨਾ ਕਰਕੇ ਮੋਦੀ ਸਰਕਾਰ ਨੇ ਵਾਅਦਾ ਖਿਲਾਫੀ ਕੀਤੀ ਸੀ। ਇਨ੍ਹਾਂ ਹੀ ਮੰਗਾਂ ਦੀ ਪੂਰਤੀ ਲਈ 13 ਫਰਵਰੀ ਨੂੰ ਹਜ਼ਾਰਾਂ ਕਿਸਾਨ ਦਿੱਲੀ ਜਾ ਰਹੇ ਸਨ ਤਾਂ ਹਕੂਮਤ ਨੇ ਹਰਿਆਣਾ ਦੇ ਬਾਰਡਰਾਂ ਤੇ ਕੰਧਾਂ ਕੱਢਣ ਸਣੇ ਸੜਕਾਂ 'ਤੇ ਕਿੱਲਾਂ ਆਦਿ ਵਿਛਾ ਕੇ ਬਾਰਡਰ ਹੀ ਸੀਲ ਕਰ ਦਿੱਤੇ, ਇਸ ਮਗਰੋਂ ਹਰਿਆਣਾ ਪੁਲਸ ਨੇ ਗੋਲੀ ਮਾਰ ਕੇ ਕਿਸਾਨ ਸ਼ੁੱਭਕਰਨ ਸਿੰਘ ਬੱਲੋ ਨੂੰ ਸ਼ਹੀਦ ਕਰ ਦਿੱਤਾ, ਜਦਕਿ ਡਰੋਨਾਂ ਰਾਹੀਂ ਅੱਥਰੂ ਗੈਸ ਦੇ ਗੋਲੇ ਦਾਗ ਕੇ 400 ਤੋਂ ਵਧੇਰੇ ਕਿਸਾਨਾਂ ਨੂੰ ਜ਼ਖਮੀ ਕੀਤਾ। ਹਰਿਆਣਾ ਪੁਲਸ ਨੇ ਕਿਸਾਨਾਂ ਦੇ ਟਰੈਕਟਰ ਅਤੇ ਕਾਰਾਂ ਦੀ ਭੰਨ-ਤੋੜ ਕੀਤੀ ਅਤੇ ਕਈ ਕਿਸਾਨਾਂ ਦੀ ਕੁੱਟਮਾਰ ਕੀਤੀ।

ਪੰਜ ਕਿਸਾਨਾਂ ਦੀਆਂ ਅੱਖਾਂ ਦੀ ਰੋਸ਼ਨੀ ਖਤਮ ਹੋ ਗਈ।ਇਸ ਮਗਰੋਂ ਦੋਹਾਂ ਫੋਰਮਾਂ ਨੇ ਬਾਰਡਰਾਂ 'ਤੇ ਬਹਿ ਕੇ ਹੀ ਕੇਂਦਰ ਸਰਕਾਰ ਨਾਲ ਲੜਾਈ ਲੜਨ ਦਾ ਫੈਸਲਾ ਲਿਆ। ਕਿਸਾਨਾਂ ਨੇ ਭਾਜਪਾ ਉਮੀਦਵਾਰਾਂ ਦੇ ਘਿਰਾਓ ਕਰਦਿਆਂ ਸਵਾਲ ਵੀ ਪੁੱਛੇ ਅਤੇ ਲੋਕਾਂ ਨੂੰ ਭਾਜਪਾ ਖਿਲਾਫ ਲਾਮਬੰਦ ਕੀਤਾ।ਕਿਸਾਨਾਂ ਦੇ ਰੋਹ ਦੇ ਚੱਲਦੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਡੇਰਾ ਬਾਬਾ ਨਾਨਕ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਨ ਦਾ ਆਪਣਾ ਪ੍ਰੋਗਰਾਮ ਰੱਦ ਕਰਨਾ ਪਿਆ।

ਆਗੂਆਂ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਭਾਜਪਾ ਵਿਰੋਧੀ ਪ੍ਰੋਗਰਾਮਾਂ ਕਾਰਨ ਹੀ ਭਾਜਪਾ ਤੇ ਹਮਾਇਤੀ ਧਿਰਾਂ 300 ਤੋਂ ਵੀ ਘੱਟ ਸੀਟਾਂ ਲੈ ਸਕੀਆਂ ਅਤੇ ਸਿਰਫ ਭਾਜਪਾ ਜਿਸ ਦੀਆਂ ਪਿਛਲੀ ਵਾਰ 303 ਸੀਟਾਂ ਸਨ ਐਤਕੀ ਘਟ ਕੇ 240 ਹੀ ਰਹਿ ਗਈਆਂ,ਜਦ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 400 ਤੋਂ ਪਾਰ ਦਾ ਹੋਕਾ ਦਿੱਤਾ ਗਿਆ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਦੀ ਪੂਰਤੀ ਤੱਕ ਉਨ੍ਹਾਂ ਦਾ ਸੰਘਰਸ਼ ਚਲਦਾ ਰਹੇਗਾ।

ਲਾਈਨਮੈਨ 5000 ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਬਟਾਲਾ (ਤਰਲੋਕ ਬੱਗਾ)- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਵੀਰਵਾਰ ਨੂੰ ਪੀ.ਐਸ.ਪੀ.ਸੀ.ਐਲ. ਦਫ਼ਤਰ, ਫੋਕਲ ਪੁਆਇੰਟ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਲਾਈਨਮੈਨ ਸੁਖਵਿੰਦਰ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਲਾਈਨਮੈਨ ਨੂੰ ਬਲਕਾਰ ਸਿੰਘ ਵਾਸੀ ਫੈਜ਼ਪੁਰਾ, ਤਹਿਸੀਲ ਬਟਾਲਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਪਰੋਕਤ ਲਾਈਨਮੈਨ ਨੇ ਉਸ ਦੇ ਨਵੇਂ ਲੱਗਣ ਵਾਲੇ ਘਰੇਲੂ ਬਿਜਲੀ ਕੁਨੈਕਸ਼ਨ ਬਾਰੇ ਠੀਕ ਰਿਪੋਰਟ ਭੇਜਣ ਬਦਲੇ 5,000 ਰੁਪਏ ਦੀ ਮੰਗ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੋਂਜ ਵਿੱਚ ਮੁਲਜ਼ਮ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਦਹੇਜ ਦੀ ਮੰਗ ਕਰਨ ਵਾਲੇ ਪਤੀ, ਸਹੁਰਾ ਤੇ ਸੱਸ ਵਿਰੁੱਧ ਮੁਕੱਦਮਾ ਦਰਜ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਦਹੇਜ ਦੀ ਖਾਤਰ ਤੰਗ ਪ੍ਰੇਸ਼ਾਨ ਕਰਨ ਅਤੇ ਦਹੇਜ ਵਿੱਚ ਬੁਲਟ ਮੋਟਰਸਾਈਕਲ ਦੀ ਮੰਗ ਕਰਨ ਵਾਲੇ ਪਤੀ, ਸਹੁਰਾ ਅਤੇ ਸੱਸ ਵਿਰੁੱਧ ਥਾਣਾ ਧਾਰੀਵਾਲ ਵਿੱਚ ਪੁਲਸ ਨੇ ਮੁਕੱਦਮਾ ਦਰਜ ਕੀਤਾ ਹੈ। ਜੋਤੀ ਬਾਲਾ ਪੁੱਤਰੀ ਬਨਾਰਸੀ ਲਾਲ ਵਾਸੀ ਗੁਰਦਾਸ ਨੰਗਲ ਕਾਲੋਨੀ ਨੇ ਇਨਸਾਫ ਦੀ ਮੰਗ ਕਰਦਿਆਂ ਉੱਚ ਪੁਲਸ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਦੀ ਸ਼ਾਦੀ 19 ਮਾਰਚ 2023 ਨੂੰ ਸ਼ਮਸ਼ੇਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਬਾਬੇਵਾਲ ਥਾਣਾ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਨਾਲ ਹੋਈ ਸੀ। ਵਿਆਹ ਤੋਂ ਬਾਅਦ ਉਸ ਦਾ ਪਤੀ ਸ਼ਮਸ਼ੇਰ ਸਿੰਘ, ਸਹੁਰਾ ਮੰਗਲ ਸਿੰਘ ਅਤੇ ਸੱਸ ਪਰਮਜੀਤ ਕੌਰ ਦਹੇਜ ਦੀ ਖਾਤਰ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਲੱਗ ਪਏ ਅਤੇ ਦਹੇਜ ਵਿੱਚ ਬੁਲਟ ਮੋਟਰਸਾਈਕਲ ਦੀ ਮੰਗ ਕਰਦੇ ਸਨ। ਉਹ ਹੁਣ ਆਪਣੇ ਪੇਕੇ ਘਰ ਆਪਣੇ ਮਾਪਿਆਂ ਕੋਲ ਰਹਿ ਰਹੀ ਹੈ। ਥਾਣਾ ਧਾਰੀਵਾਲ ਦੇ ਐਸ ਐਚ ਓ ਮਨਦੀਪ ਸਲਗੋਤਰਾ ਨੇ ਦੱਸਿਆ ਕਿ ਇਸ ਮਾਮਲੇ ਦੀ ਇਨਕੁਆਰੀ ਉਪ ਕਪਤਾਨ ਪੁਲਸ ਕਰਾਇਮ ਵਿਰੁੱਧ ਔਰਤਾਂ ਅਤੇ ਬੱਚਿਆਂ ਗੁਰਦਾਸਪੁਰ ਦੁਆਰਾ ਦੇ ਬਾਅਦ ਸਬ ਇਸਪੈਕਟਰ ਬਲਦੇਵ ਸਿੰਘ ਨੇ ਜੋਤੀ ਬਾਲਾ ਦੇ ਬਿਆਨਾਂ ਅਨੁਸਾਰ ਉਸ ਦੇ ਪਤੀ ਸ਼ਮਸ਼ੇਰ ਸਿੰਘ, ਸਹੁਰਾ ਮੰਗਲ ਸਿੰਘ ਅਤੇ ਸੱਸ ਪਰਮਜੀਤ ਕੌਰ ਵਿਰੁੱਧ ਧਾਰਾ 498 ਏ ਤਹਿਤ ਮੁਕੱਦਮਾ ਦਰਜ ਕੀਤਾ ਹੈ।

ਨਸ਼ੀਲੀਆਂ ਗੋਲੀਆਂ ਮਿਲਣ 'ਤੇ ਕੈਦੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਨਸ਼ੀਲੀਆਂ ਗੋਲੀਆਂ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸੁਸ਼ੀਲ ਕੁਮਾਰ ਨੇ ਦੱਸਿਆ ਕਿ ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਦਫਤਰ ਦੇ ਪੱਤਰ ਨੰਬਰ 3883 ਮਿਤੀ 4 ਜੂਨ ਮੁਤਾਬਿਕ ਮਿਤੀ 3 ਜੂਨ ਨੂੰ ਜੇਲ੍ਹ ਅੰਦਰ ਸਮਾਂ ਕਰੀਬ 6 ਵਜੇ ਸ਼ਾਮ ਬੈਰਕ ਨੰ: 07 ਵਿੱਚ ਤਲਾਸ਼ੀ ਕੀਤੀ ਗਈ ਤਾਂ ਕੈਦੀ ਅੰਮ੍ਰਿਤਪਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਦਾਬਾਵਾਲੀ ਥਾਣਾ ਘਣੀਕੇ ਕੋਲ ਬਾਂਗਰ ਪਾਸੋਂ 8 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਕੈਦੀ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਤੋਂ ਇਕ ਹੋਰ ਬਜ਼ੁਰਗ ਦੀ ਘਰ ਵਾਪਸੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਵੀਰਵਾਰ ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਪਿਛਲੇ ਦੋ ਸਾਲ ਤੋਂ ਰਹਿ ਰਹੇ ਬਜ਼ੁਰਗ ਰਾਮ ਸਿੰਘ ਪੁੱਤਰ ਅਨੂਪ ਸਿੰਘ ਪਿੰਡ ਅਮਲੇਲਾ, ਜ਼ਿਲਾ ਕਾਂਗੜਾ ਜੋ ਕਿ ਇਸ ਘਰ ਵਿੱਚ 11 ਫਰਵਰੀ 2022 ਵਿੱਚ ਰਹਿਣ ਲਈ ਆਏ ਸਨ।ਉਸ ਦਿਨ ਤੋਂ ਹੀ ਇਹ ਬਜ਼ੁਰਗ ਇਸ ਘਰ ਵਿੱਚ ਅੱਜ ਤੱਕ ਰਹਿ ਰਹੇ ਸਨ। ਇਹ ਬਜ਼ੁਰਗ ਆਪਣੇ ਘਰ ਜਾਣਾ ਚਾਹੁੰਦਾ ਹੈ । ਆਸ਼ਰਮ ਪ੍ਰਬੰਧਕਾਂ ਨੇ ਬਜ਼ੁਰਗ ਬਾਪੂ ਦੀ ਵਾਪਸੀ ਕਰਵਾ ਦਿੱਤੀ। ਬਾਪੂ ਨੇ ਆਸ਼ਰਮ ਪ੍ਰਬੰਧਕਾਂ ਨੂੰ ਦੱਸਿਆ ਕਿ ਮੈਂ ਆਪ ਜੀ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਮੈਂ ਆਪਣੇ ਪਰਵਾਰ ਨਾਲ ਵਧੀਆ ਜੀਵਨ ਬਤੀਤ ਕਰਾਂਗਾ, ਜੋ ਵੀ ਛੋਟੇ ਮੋਟੇ ਝਗੜੇ ਹੁੰਦੇ ਹਨ, ਘਰ ਵਿੱਚ ਹੀ ਨਿਪਟਾਵਾਂਗਾ। ਸਾਰੀ ਗੱਲਬਾਤ ਤੋਂ ਬਾਅਦ ਬਾਪੂ ਨੇ ਹਲਫੀਆ ਬਿਆਨ ਦਿੱਤਾ ਹੈ ਕਿ ਮੈਨੂੰ ਆਸ਼ਰਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਤੰਗੀ ਨਹੀਂ ਸੀ। ਆਸ਼ਰਮ ਪ੍ਰਬੰਧਕ ਅਤੇ ਸਮੂਹ ਸਟਾਫ ਸਾਡਾ ਬਹੁਤ ਵਧੀਆ ਧਿਆਨ ਰੱਖਦੇ ਸਨ। ਇਸ ਮੌਕੇ ਸਮੂਹ ਸਟਾਫ ਆਸ਼ਰਮ ਪ੍ਰਬੰਧਕ ਪ੍ਰਧਾਨ ਸਤਨਾਮ ਸਿੰਘ, ਆਸ਼ਰਮ ਸੁਪਰਡੈਂਟ ਅੰਜਲੀ ਸ਼ਰਮਾ, ਆਸ਼ਰਮ ਚੇਅਰਪਰਸਨ ਰੀਨਾ ਸਰਮਾਲ, ਆਸ਼ਰਮ ਸਮੂਹ ਸਟਾਫ ਸਵਿਤਾ, ਸੁਖਵਿੰਦਰ ਕੌਰ, ਕੁਲਵਿੰਦਰ ਕੌਰ, ਸਰੋਜ ਬਾਲਾ, ਅੰਜੂ ਬਾਲਾ, ਤਰਸੇਮ ਲਾਲ, ਰਮੇਸ਼ ਚੰਦਰ ਆਦਿ ਮੌਜੂਦ ਸਨ।

ਪਿੰਡ ਗੰਜੀ ਦੇ ਸ਼ਮਸ਼ਾਨਘਾਟ ਦੀ ਹਾਲਤ ਖਸਤਾ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ-ਦੋਰਾਂਗਲਾ ਸੜਕ 'ਤੇ ਟੋਟੇ ਵਾਲੀ ਸੜਕ ਤੋਂ ਥੋੜ੍ਹੀ ਅੱਗੇ ਪੈਂਦੇ ਪਿੰਡ ਗੰਜੀ ਦੇ ਸ਼ਮਸ਼ਾਨਘਾਟ ਦੀ ਹਾਲਤ ਖਸਤਾ ਬਣੀ ਪਈ ਹੈ। ਇਸ ਪਾਸੇ ਸਬੰਧਤ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਵਿੱਚ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਸ਼ਮਸ਼ਾਨਘਾਟ ਦੀ ਚਾਰ ਦੀਵਾਰੀ ਤਾਂ ਹੈ ਪਰ ਇਸ ਦੇ ਅੰਦਰ ਜੰਗਲੀ ਘਾਹ ਬੂਟੀ ਦੀ ਭਰਮਾਰ ਹੈ। ਇੱਥੇ ਬਣੇ ਸ਼ੈਡ ਦੀ ਹਾਲਤ ਵੀ ਮਾੜੀ ਹੋਣ ਕਾਰਨ ਲੋਕਾਂ ਨੂੰ ਬੈਠਣ ਵਾਸਤੇ ਚੰਗੇ ਪ੍ਰਬੰਧ ਨਹੀਂ ਹਨ।

ਇਹ ਸ਼ਮਸ਼ਾਨਘਾਟ ਮੇਨ ਟੋਟਾ ਸੜਕ 'ਤੇ ਬਣਿਆ ਹੋਇਆ ਹੈ ਪਰ ਫਿਰ ਵੀ ਇਸ ਦੀ ਸਾਂਭ ਸੰਭਾਲ ਠੀਕ ਤਰ੍ਹਾਂ ਨਹੀਂ ਹੋ ਰਹੀ।

ਲੋਕਾਂ ਨੇ ਮੰਗ ਕੀਤੀ ਕਿ ਸ਼ਮਸ਼ਾਨਘਾਟ ਦੀ ਸਾਫ-ਸਫਾਈ ਆਦਿ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਵਾਹਿਗੁਰੂ ਇੰਟਰਪ੍ਰਾਈਜ਼ਸ ਦੀ ਵਿਦਿਆਰਥਣ ਨੂੰ ਸਪੀਕਿੰਗ 'ਚ 7.5 ਬੈਂਡ ਪ੍ਰਾਪਤ

ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)- ਇਲਾਕੇ ਦੀ ਨਾਮਵਰ ਸੰਸਥਾ ਵਾਹਿਗੁਰੂ ਇੰਟਰਪ੍ਰਾਈਜ਼ਸ ਜੋ ਕਿ ਇਮੀਗਰੇਸ਼ਨ ਦਾ ਕੰਮ ਕਰ ਰਹੀ ਹੈ, ਨੇ ਪਹਿਲਾਂ ਵੀ ਕਈ ਮਾਅਰਕੇ ਮਾਰੇ ਹਨ ਅਤੇ ਵਿਦਿਆਰਥੀਆਂ ਨੂੰ ਵਿਦੇਸ਼ ਭੇਜਿਆ ਹੈ, ਉਥੇ ਹੀ ਉਹ ਇਲਾਕੇ ਦੇ ਹੋਣਹਾਰ ਵਿਦਿਆਰਥੀਆਂ ਨੂੰ ਆਈਲਟਸ, ਪੀ ਟੀ ਈ, ਇੰਗਲਿਸ਼ ਸਪੀਕਿੰਗ ਦੇ ਕੋਰਸ ਕਰਵਾ ਰਹੀ ਹੈ । ਇਸ ਬਾਰੇ ਸੰਸਥਾ ਦੇ ਐਮ ਡੀ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ ਸਖਤ ਮਿਹਨਤ ਅਤੇ ਤਜਰਬੇਕਾਰ ਸਟਾਫ ਦੀ ਸਹਾਇਤਾ ਨਾਲ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ, ਜਿਸ ਤਹਿਤ ਜੋਬਨਪ੍ਰੀਤ ਕੌਰ ਵੈਰੋਵਾਲ ਨੇ ਪੀ ਟੀ ਈ ਵਿੱਚੋਂ 73 ਅੰਕ ਪ੍ਰਾਪਤ ਕਰਕੇ ਇਲਾਕੇ ਵਿੱਚ ਸੰਸਥਾ ਅਤੇ ਆਪਣੇ ਪਰਵਾਰ ਦਾ ਨਾਂਅ ਉੱਚਾ ਕੀਤਾ ਹੈ । ਉਨ੍ਹਾਂ ਦੱਸਿਆ ਕਿ 73 ਅੰਕ ਆਈਲਟਸ ਦੇ 7.5 ਬੈਂਡ ਦੇ ਬਰਾਬਰ ਹਨ । ਉਨ੍ਹਾਂ ਇਲਾਕੇ ਦੇ ਬੱਚਿਆਂ ਨੂੰ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਉਜਵਲ ਭਵਿੱਖ ਲਈ ਸੰਸਥਾ ਨਾਲ ਸੰਪਰਕ ਕਰਨ। ਇਸ ਮੌਕੇ ਜੋਬਨਪ੍ਰੀਤ ਕੌਰ ਨੇ ਸੰਸਥਾ ਅਤੇ ਉਸ ਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ ਅਤੇ ਇਸ ਗੱਲ ਦਾ ਮਾਣ ਮਹਿਸੂਸ ਕੀਤਾ ਕਿ ਉਸ ਨੇ ਇਸ ਸੰਸਥਾ ਨੂੰ ਜੁਆਇਨ ਕਰਕੇ ਇਸ ਮੁਕਾਮ ਨੂੰ ਹਾਸਲ ਕੀਤਾ ਹੈ।

ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਦਾਖਲਾ ਸ਼ੁਰੂ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਦੇ ਅਦਾਰੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵੱਲੋਂ ਆਰਮੀ ਵਿੱਚ ਅਗਨੀਵੀਰ ਦੀ ਭਰਤੀ ਲਈ ਜ਼ਿਲ੍ਹਾ ਗੁਰਦਾਸਪੁਰ, ਪਠਾਨਕੋਟ ਅਤੇ ਅੰਮ੍ਰਿਤਸਰ ਦੇ ਨੌਜਵਾਨਾਂ ਲਈ ਕੈਂਪ ਵਿੱਚ ਦਾਖਲਾ ਸ਼ੁਰੂ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ 2024-2025 ਲਈ ਆਰਮੀ ਵਿੱਚ ਅਗਨੀਵੀਰ ਦੀ ਲਿਖਤੀ ਪ੍ਰੀਖਿਆ ਹੋ ਚੁੱਕੀ ਹੈ, ਜਿਸ ਦਾ ਰਿਜ਼ਲਟ ਆਰਮੀ ਵੱਲੋਂ ਐਲਾਨਿਆ ਜਾ ਚੁੱਕਾ ਹੈ।ਜੋ ਯੁਵਕ ਸ਼ਾਰਟਲਿਸਟਿਡ ਹਨ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸਰੀਰਕ ਸਿਖਲਾਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਮੁਫ਼ਤ ਦਿੱਤੀ ਜਾ ਰਹੀ ਹੈ।ਸਿਖਲਾਈ ਦੌਰਾਨ ਯੁਵਕਾਂ ਨੂੰ ਮੁਫ਼ਤ ਰਿਹਾਇਸ਼ ਅਤੇ ਖਾਣਾ ਮੁਹੱਈਆ ਕਰਵਾਇਆ ਜਾਵੇਗਾ ।ਚਾਹਵਾਨ ਆਪਣੇ ਸਾਰੇ ਅਸਲ ਸਰਟੀਫਿਕੇਟ ਤੇ ਉਨ੍ਹਾਂ ਦੀਆਂ 2-2 ਫ਼ੋਟੋ ਕਾਪੀਆਂ ਅਤੇ 4 ਪਾਸਪੋਰਟ ਸਾਈਜ਼ ਫ਼ੋਟੋਆਂ ਲੈ ਕੇ ਕੈਂਪ ਵਿੱਚ ਰਿਪੋਰਟ ਕਰ ਸਕਦੇ ਹਨ ।ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸੀ-ਪਾਈਟ ਡੇਰਾ ਬਾਬਾ ਨਾਨਕ ਦੇ ਸੰਪਰਕ ਨੰਬਰਾਂ 62830-31125, 94674-56808, 94174-20125 ਉਪਰ ਰਾਬਤਾ ਕੀਤਾ ਜਾ ਸਕਦਾ ਹੈ।

ਟੋਇਟਾ ਕਿਰਲੋਸਕਰ ਮੋਟਰ ਵੱਲੋਂ ਟੋਇ

7-JUNE-PAGE-12-sanjha.qxd 6/6/2024 10:47 PM Page 1

ਦੱਖਣੀ ਜਰਮਨੀ 'ਚ ਭਾਰੀ ਬਾਰਿਸ਼ ਕਾਰਨ ਆਏ ਹੜ੍ਹ 'ਚ ਕਈ ਲੋਕਾਂ ਦੀ ਮੌਤ ਹੋ ਗਈ, ਹਜ਼ਾਰਾਂ ਲੋਕਾਂ ਨੂੰ ਸੁਰੱਖਿਆ ਕੱਢਿਆ ਗਿਆ। ਜਰਮਨ ਦੇ ਇੱਕ ਸ਼ਹਿਰ ਐਬਨਹੌਸੇਨ 'ਚ ਬਚਾਅ ਦਲ ਦੇ ਮੁਲਾਜ਼ਮ ਲੋਕਾਂ ਨੂੰ ਸੁਰੱਖਿਅਤ ਸਥਾਨ ਵੱਲ ਲਿਜਾਂਦੇ ਹੋਏ।

ਵੀਰਵਾਰ ਇਜ਼ਰਾਈਲ ਨੇ ਗਾਜ਼ਾ 'ਚ 76 ਸਾਲ ਪੁਰਾਣੇ ਰਫਿਊਜੀ ਕੈਂਪ ਨੂਸੀਰਤ, ਜੋ ਸੰਯੁਕਤ ਰਾਸ਼ਟਰ ਵੱਲੋਂ ਚਲਾਇਆ ਜਾ ਰਿਹਾ ਹੈ, ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲੀ ਫੌਜ ਵੱਲੋਂ ਇਸ ਹਵਾਈ ਹਮਲੇ 'ਚ 40 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ 'ਚ ਜਿਆਦਾਤਰ ਔਰਤਾਂ ਅਤੇ ਬੱਚੇ ਸ਼ਾਮਲ ਹਨ। ਤਸਵੀਰਾਂ 'ਚ ਮਲਬੇ ਵਿੱਚੋਂ ਜ਼ਿੰਦਗੀ ਤਲਾਸ਼ਦੇ ਹੋਏ ਲੋਕ।

ਕਮਿਊਨਿਟੀ ਹੈਲਥ ਸੈਂਟਰ ਸ਼ਾਹਕੋਟ ਵੱਲੋਂ ਬਲਾਕ ਪੱਧਰੀ ਮਲੇਰੀਆ ਕੈਂਪ

ਸ਼ਾਹਕੋਟ(ਗਿਆਨ ਸੈਦਪੁਰੀ)-ਲੋਕਾਂ ਵਿੱਚ ਮਲੇਰੀਆ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਕਮਿਊਨਿਟੀ ਹੈਲਥ ਸੈਂਟਰ ਸ਼ਾਹਕੋਟ ਵੱਲੋਂ ਬਲਾਕ ਪੱਧਰੀ ਮਲੇਰੀਆ ਕੈਂਪ ਦਾ ਆਯੋਜਨ ਸੀਨੀਅਰ ਮੈਡੀਕਲ ਅਫ਼ਸਰ ਡਾ. ਦਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ । ਮਲੇਰੀਆ ਰੋਕਥਾਮ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਵਿਸ਼ਵ ਵਿੱਚ ਹਰ ਸਾਲ ਤਕਰੀਬਨ 6 ਲੱਖ ਦੇ ਕਰੀਬ ਮੌਤਾਂ ਮਲੇਰੀਆ ਕਾਰਨ ਹੁੰਦੀਆਂ ਹਨ।ਸਰਕਾਰ ਅਤੇ ਲੋਕਾਂ ਦੇ ਯਤਨਾਂ ਸਦਕਾ ਹੁਣ ਦੁਨੀਆ ਦੇ ਕੇਵਲ ਤਿੰਨ ਫੀਸਦੀ ਮਲੇਰੀਆ ਦੇ ਕੇਸ ਹੀ ਭਾਰਤ ਵਿੱਚ ਪਾਏ ਜਾਂਦੇ ਹਨ। ਸਿਹਤ ਵਿਭਾਗ ਦੇ ਮਲੇਰੀਆ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਯਤਨ ਜਾਰੀ ਹਨ, ਜਿਸ ਵਿੱਚ ਸਮੂਹ ਸਮਾਜ ਦੇ ਸਹਿਯੋਗ ਦੀ ਜ਼ਰੂਰਤ ਹੈ। ਕਾਰਜਕਾਰੀ ਬੀ. ਈ . ਈ.ਅਮਨਦੀਪ ਸਿੰਘ ਨੇ ਦੱਸਿਆ ਕਿ ਮਲੇਰੀਆ ਐਨੋਫਿਲਿਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਮਲੇਰੀਆ ਮੱਛਰ ਦੇ ਕੱਟਣ ਤੋਂ ਬਾਅਦ ਵਿਅਕਤੀ ਨੂੰ ਠੰਢ ਅਤੇ ਕੰਬਣੀ ਲੱਗ ਕੇ ਬੁਖਾਰ ਚੜ੍ਹਦਾ ਹੈ। ਇਸ ਤੋਂ ਇਲਾਵਾ ਜੋੜਾਂ ਦਾ ਦਰਦ, ਉਲਟੀਆਂ, ਸਿਰਦਰਦ, ਪਿਸ਼ਾਬ ਵਿਚ ਖੂਨ ਆਉਣਾ ਵੀ ਇਸ ਬਿਮਾਰੀ ਦੇ ਲੱਛਣ ਹੋ ਸਕਦੇ ਹਨ।ਹੈਲਥ ਸੁਪਰਵਾਈਜ਼ਰ ਸੁਖਪਾਲ ਸਿੰਘ ਨੇ ਦੱਸਿਆ ਕਿ ਮਲੇਰੀਆ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਘਰਾਂ ਦੇ ਆਸ ਪਾਸ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ। ਕੂਲਰਾਂ, ਛੱਤਾਂ 'ਤੇ ਰੱਖੇ ਬਰਤਨ, ਹੋਰ ਟੁੱਟੀਆਂ ਚੀਜ਼ਾਂ ਆਦਿ ਨੂੰ ਸਾਫ਼ ਰੱਖਿਆ ਜਾਵੇ। ਜੇਕਰ ਆਸ ਪਾਸ ਮੱਛਰ ਹਨ ਤਾਂ ਮੱਛਰ ਭਜਾਉਣ ਵਾਲੇ ਯੰਤਰ, ਮੱਛਰਦਾਨੀਆਂ ਅਤੇ ਕਰੀਮਾਂ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮਲੇਰੀਆ ਦੀ ਰੋਕਥਾਮ ਸਬੰਧੀ ਪਿੰਡਾਂ ਵਿੱਚ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਡਾਕਟਰ ਰਜਵੀ, ਹੈਲਥ ਵਰਕਰ ਗਣੇਸ਼ ਕੁਮਾਰ, ਰਵਿੰਦਰ ਨਾਥ, ਵਰਿੰਦਰ ਗਿੱਲ, ਵਿਸ਼ਾਲ ਲਾਲ, ਅੰਮ੍ਰਿਤਪਾਲ, ਬਲਜਿੰਦਰ ਕੁਮਾਰ ਅਤੇ ਕੁਲਦੀਪ ਸਿੰਘ, ਬਲਕਾਰ ਸਿੰਘ, ਗੁਰਜੀਤ ਕੌਰ ਤੇ ਸਮੂਹ ਸਟਾਫ ਮੌਜੂਦ ਸੀ।

ਕਾਂਗਰਸ ਦੀ ਸੁਚੱਜੀ ਵਿਉਂਤਬੰਦੀ ਨੇ ਮੁਲਕ ਦੇ ਸੰਵਿਧਾਨ ਨੂੰ ਬਚਾਇਆ : ਬਲਬੀਰ ਸਿੱਧੂ

ਮੋਹਾਲੀ, (ਗੁਰਜੀਤ ਬਿੱਲਾ) ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਇਥੇ ਕਿਹਾ ਹੈ ਕਿ ਅਜੋਕੀ ਲੋਕ ਸਭਾ ਚੋਣ ਦੌਰਾਨ ਕਾਂਗਰਸ ਦੀ ਸੁਚੱਜੀ ਵਿਉਂਤਬੰਦੀ ਤੇ ਅਸਰਦਾਰ ਚੋਣ ਮੁਹਿੰਮ ਨੇ ਮੁਲਕ ਅਤੇ ਇਸ ਦੇ ਸੰਵਿਧਾਨ ਨੂੰ ਬਚਾ ਲਿਆ ਹੈ ਜਿਸ ਲਈ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਵਧਾਈ ਦੇ ਪਾਤਰ ਹਨ।ਸ਼੍ਰੀ ਸਿੱਧੂ ਨੇ ਇਥੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗਠਜੋੜ ਨੇ ਬਹੁਮੱਤ ਦੇ ਨੇੜੇ ਪਹੁੰਚ ਕੇ ਲੋਕ ਸਭਾ ਵਿਚ ਬਹੁਤ ਹੀ ਤਕੜੀ ਵਿਰੋਧੀ ਧਿਰ ਖੜ੍ਹੀ ਕਰ ਕੇ ਭਾਜਪਾ ਖਾਸ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਮੁਲਕ ਦੇ ਸੰਵਿਧਾਨ ਨੂੰ ਮਨਮਰਜ਼ੀ ਅਨੁਸਾਰ ਤਰੋੜ-ਮਰੋੜ ਕੇ ਇਸ ਦੀ ਮੂਲ਼ ਭਾਵਨਾ ਨੂੰ ਹੀ ਖ਼ਤਮ ਕਰਨ ਦੇ ਮਨਸੂਬੇ ਚਕਨਾਚੂਰ ਹੋ ਗਏ ਹਨ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੀ ਤਰਜ਼ ਉਤੇ ਮੁਲਕ ਵਿਚ ਇਕ ਪੁਰਸ਼ੀ ਰਾਜਪ੍ਰਬੰਧ, ਇਕਸਾਰ ਸਿਵਲ ਕੋਡ, ਇਕ ਮੁਲਕ-ਇਕ ਚੋਣ ਸਿਸਟਮ ਲਾਗੂ ਕਰਨ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੇ ਖਾਤਮੇ ਦੀ ਕੋਝੀ ਸੋਚ ਨੂੰ ਅਮਲ ਵਿਚ ਲਿਆਉਣ ਦੇ ਸੁਪਨੇ ਵੇਖ ਰਿਹਾ ਸੀ। ਕਾਂਗਰਸੀ ਆਗੂ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਸੰਵਿਧਾਨ ਨੂੰ ਬਚਾਉਣ ਦਾ ਮੁੱਦਾ ਐਨੇ ਜ਼ੋਰ ਤੇ ਕਾਮਯਾਬੀ ਨਾਲ ਉਭਾਰਿਆ ਕਿ 370 ਸੀਟਾਂ ਜਿੱਤਣ ਦੀਆਂ ਬੜਕਾਂ ਮਾਰਨ ਵਾਲੀ ਭਾਜਪਾ ਤਿੰਨ ਸੀਟਾਂ ਉਤੇ ਹੀ ਲੁੜਕ ਗਈ।ਕਾਂਗਰਸੀ ਆਗੂ ਨੇ ਕਿਹਾ ਪੰਜਾਬ ਦੇ ਲੋਕਾਂ ਨੇ ਹਰ ਵਾਰ ਦੀ ਤਰਾਂ ਇਸ ਵਾਰੀ ਵੀ ਮੋਦੀ ਲਹਿਰ ਦਾ ਅਸਰ ਕਬੂਲਣ ਦੀ ਥਾਂ ਕਾਂਗਰਸ ਪਾਰਟੀ ਨੂੰ ਬਹੁਤੀਆਂ ਸੀਟਾਂ ਜਿਤਾ ਕੇ ਆਪਣੀ ਧਰਮ-ਨਿਰਪੱਖ ਤੇ ਆਜ਼ਾਦ ਸੋਚ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਕਿਹਾ ਕਿ ਜੇ ਪੰਜਾਬ ਦੀਆਂ ਬਹੁਤੀਆਂ ਸੀਟਾਂ ਉਤੇ ਅਕਾਲੀ ਵੋਟਾਂ ਆਮ ਆਦਮੀ ਪਾਰਟੀ ਨੂੰ ਨਾ ਭੁਗਤਦੀਆਂ ਤਾਂ ਕਾਂਗਰਸ ਇਸ ਤੋਂ ਵੀ ਵੱਧ ਸੀਟਾਂ ਜਿੱਤ ਸਕਦੀ ਸੀ। ਸ਼੍ਰੀ ਸਿੱਧੂ ਨੇ ਆਨੰਦਪੁਰ ਸਾਹਿਬ ਹਲਕੇ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਇਥੋਂ ਸਿਰਫ਼ ਇਸ ਕਰ ਕੇ ਹਾਰ ਗਈ ਕਿਉਂਕਿ ਅਕਾਲੀ ਵੋਟ ਵੱਡੇ ਪੱਧਰ ਉਤੇ ਆਮ ਆਦਮੀ ਪਾਰਟੀ ਨੂੰ ਭੁਗਤ ਗਈ। ਉਹਨਾਂ ਕਿਹਾ ਕਿ ਪੰਜਾਬੀਆਂ ਨੇ ਕਾਂਗਰਸ ਨੂੰ 7 ਸੀਟਾਂ ਜਿਤਾ ਕੇ ਕੌਮੀ ਪੱਧਰ ਉਤੇ ਇੰਡੀਆ ਗਠਜੋੜ ਨੂੰ ਮਜ਼ਬੂਤ ਕਰਨ ਵਿਚ ਆਪਣਾ ਜ਼ਿਕਰਯੋਗ ਹਿੱਸਾ ਪਾਇਆ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਸ਼੍ਰੀ ਸਿੱਧੂ ਨੇ ਆਨੰਦਪੁਰ ਸਾਹਿਬ ਖਾਸ ਕਰ ਕੇ ਮੋਹਾਲੀ ਹਲਕੇ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ ਜਿਹਨਾਂ ਦੀ ਸਖ਼ਤ ਮਿਹਨਤ ਨੇ ਕਾਂਗਰਸੀ ਉਮੀਦਵਾਰ ਨੂੰ ਜਿੱਤ ਦੀਆਂ ਬਰੂਹਾਂ ਤੱਕ ਲੈ ਕੇ ਗਏ।

ਸੀਟੀ ਪਬਲਿਕ ਸਕੂਲ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ

ਜਲੰਧਰ (ਸ਼ੈਲੀ ਐਲਬਰਟ) -ਸੀਟੀ ਪਬਲਿਕ ਸਕੂਲ ਨੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ, ਜੋ ਕਿ ਇਸਦੇ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਅਤੇ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਜੀਵੰਤ ਜਸ਼ਨ ਹੈ।। ਬੇਸਟ ਆਊਟ ਆਫ ਵੇਸਟ ਦੇ ਆਲੇ ਦੁਆਲੇ ਕੇਂਦਰਿਤ ਇੱਕ ਥੀਮ ਦੇ ਨਾਲ, ਇਵੈਂਟ ਵਿੱਚ ਗ੍ਰੇਡ 1 ਤੋਂ 5 ਦੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੇਖੀ ਗਈ, ਜੋ ਵਾਤਾਵਰਣ ਸੰਭਾਲ ਦੇ ਮਹੱਤਵ ਨੂੰ ਉਜਾਗਰ ਕਰਨ ਵਾਲੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਰੁੱਝੇ ਹੋਏ ਸਨ । ਇਸ ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਨੇ ਵਾਤਾਵਰਣ ਸੰਬੰਧੀ ਵੱਖ-ਵੱਖ ਵਿਸ਼ਿਆਂ 'ਤੇ ਸਮਝਦਾਰੀ ਨਾਲ ਭਾਸ਼ਣ ਦੇ ਕੇ ਕੀਤੀ, ਜਿਸ ਨਾਲ ਵਾਤਾਵਰਣ ਸੰਬੰਧੀ ਮੁੱਦਿਆਂ ਨੂੰ ਹੱਲ ਕਰਨ ਲਈ ਆਪਣੀ ਸਮਝ ਅਤੇ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਗਿਆ। ਗੀਸਾਈਕਲਿੰਗ ਦੇ ਮਹੱਤਵ ਤੋਂ ਲੈ ਕੇ ਜੈਵ ਵਿਭਿੰਨਤਾ ਦੀ ਸੰਭਾਲ ਦੀ ਮਹੱਤਤਾ ਤੱਕ, ਭਾਸ਼ਣਾਂ ਨੇ ਵਿਦਿਆਰਥੀਆਂ ਦੇ ਵਾਤਾਵਰਨ ਤੇ ਸਕਾਰਾਤਮਕ ਪ੍ਰਭਾਵ ਬਣਾਉਣ ਦੇ ਸਮਰਪਣ ਤੇ ਜ਼ੋਰ ਦਿੱਤਾ । ਜਸ਼ਨ ਦੀ ਇੱਕ ਖਾਸ ਗੱਲ ਇਹ ਸੀ ਕਿ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਗਏ ਬੇਸਟ ਆਊਟ ਆਫ ਵੇਸਟ ਲੇਖਾਂ ਦਾ ਪ੍ਰਦਰਸ਼ਨ ਕੀਤਾ ਗਿਆ। ਘਰ ਵਿੱਚ ਮਿਲੀਆਂ ਸਮੱਗਰੀਆਂ ਦੀ ਵਰਤੋਂ ਕਰਦੇ ਹੋਏ, ਨੌਜਵਾਨ ਦਿਮਾਗਾਂ ਨੇ ਕੂੜੇ ਨੂੰ ਕੀਮਤੀ ਅਤੇ ਸੁਹਜਾਤਮਕ ਤੌਰ 'ਤੇ ਪ੍ਰਸੰਨ ਕਰਨ ਵਾਲੀਆਂ ਕਲਾਤਮਕ ਚੀਜ਼ਾਂ ਵਿੱਚ ਦੁਬਾਰਾ ਤਿਆਰ ਕਰਨ ਵਿੱਚ ਆਪਣੀ ਰਚਨਾਤਮਕਤਾ ਅਤੇ ਸੰਸਾਧਨਤਾ ਦਾ ਪ੍ਰਦਰਸ਼ਨ ਕੀਤਾ। ਸੀਟੀ ਪਬਲਿਕ ਸਕੂਲ ਦੀ ਵਾਈਸ ਪ੍ਰਿੰਸੀਪਲ ਸੁਖਦੀਪ ਕੌਰ ਨੇ ਸਮਾਗਮ ਦੇ ਆਯੋਜਨ ਵਿੱਚ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਅਤੇ ਸ਼ਲਾਘਾਯੋਗ ਯਤਨਾਂ ਦੀ ਸ਼ਲਾਘਾ ਕੀਤੀ ।

ਸਰਕਾਰੀ ਹਸਪਤਾਲ 'ਚ ਅੱਗ ਬੁਝਾਉਣ ਦੀ ਟ੍ਰੇਨਿੰਗ ਦਿੱਤੀ

ਮਾਹਿਲਪੁਰ (ਸਫ਼ਰੀ)- ਮਾਹਿਲਪੁਰ ਦੇ ਸਰਕਾਰੀ ਹਸਪਤਾਲ ਵਿਖੇ ਐਸ ਐਮ ਓ ਡਾਕਟਰ ਜਸਵੰਤ ਸਿੰਘ ਬਿੰਦ ਦੀ ਅਗਵਾਈ ਹੇਠ ਸਮੂਹ ਸਟਾਫ ਅਤੇ ਸਟਾਫ ਨਰਸਿੰਗ ਦੀ ਟਰੇਨਿੰਗ ਕਰ ਰਹੇ ਬੱਚਿਆਂ ਨੂੰ ਅੱਗ ਬੁਝਾਉਣ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੇਕਰ ਅਜਿਹੀ ਘਟਨਾ ਵਾਪਰ ਜਾਵੇ ਤਾਂ ਤੁਰੰਤ ਸੇਫਟੀ ਬਾਕਸ ਲੈ ਕੇ ਉਸ ਦੀ ਪਹਿਲਾਂ ਪਿੰਨ ਦੇ ਅੱਗੇ ਲੱਗੀ ਸੀਲ ਤੋੜੇ ਫਿਰ ਪਿੰਨ ਕੱਢੋ ਤੇ ਫਿਰ ਹੈਂਡਲ ਨੂੰ ਦੱਬੋ ਜਿਸ ਦੇ ਦੱਬਣ ਨਾਲ ਪਰੈਸ਼ਰ ਨਾਲ ਪਾਣੀਂ ਬਾਹਰ ਆਵੇਗਾ ਜਿਸ ਨਾਲ ਤੁਸੀਂ ਅੱਗ 'ਤੇ ਕਾਬੂ ਪਾ ਸਕਦੇ ਹੋ ।ਅਪਥਾਲਮਿਕ ਅਫਸਰ ਪ੍ਰਮਿੰਦਰ ਸਿੰਘ ਨੇ ਵੀ ਅੱਗ 'ਤੇ ਕਾਬੂ ਪਾਉਣ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਡਾਕਟਰ ਮਨਜੀਤ ਕੌਰ ਨੇ ਵੀ ਸਮੂਹ ਸਟਾਫ ਅਤੇ ਟਰੇਨਿੰਗ ਕਰ ਰਹੀਆਂ ਸਟਾਫ ਨਰਸਿੰਗ ਕੁੜੀਆਂ ਨੂੰ ਫਾਇਰ ਬਾਕਸ ਸਬੰਧੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਹ ਜਾਣਕਾਰੀ ਸਾਰੇ ਸਟਾਫ ਨੂੰ ਹੋਣੀਂ ਬਹੁਤ ਜ਼ਰੂਰੀ ਹੈ। ਇਸ ਮੌਕੇ ਸਰਵਣ ਸਿੰਘ,ਸੁਨੀਰ ਸ਼ਰਮਾ, ਮਮਤਾ ਸ਼ਰਮਾ, ਤਰਨਦੀਪ ਕੌਰ, ਅਮਨਦੀਪ ਕੌਰ, ਜਸਪਾਲ ਸਿੰਘ, ਧਰਮਵੀਰ ਸਿੰਘ, ਸੁਖਦੇਵ ਸਿੰਘ, ਅੰਡਰ ਟਰੇਨਿੰਗ ਸਮੂਹ ਸਟਾਫ ਨਰਸਿੰਗ ਬੱਚੇ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

ਸਵਾ ਦੋ ਲੱਖ ਸੇਵਾਮੁਕਤ ਪੈਨਸ਼ਨਰਾਂ ਸਰਕਾਰ ਨੂੰ ਵਿਖਾਇਆ ਸ਼ੀਸ਼ਾ : ਜੀ ਟੀ ਯੂ

ਜਲੰਧਰ (ਰਾਜੇਸ਼ ਥਾਪਾ) ਲੋਕ ਸਭਾ ਦੇ ਨਤੀਜਿਆਂ ਵਿੱਚ ਜੋਂ ਪੰਜਾਬ ਸਰਕਾਰ ਦਾ ਹਾਲ ਹੋਇਆ ਹੈ ਉਸ ਪਿੱਛੇ ਪੰਜਾਬ ਦੇ ਸਵਾ ਦੋ ਲੱਖ ਸੇਵਾ ਮੁਕਤ ਪੈਨਸ਼ਨਰਾਂ ਦੇ ਪਰਵਾਰਾਂ ਸਰਕਾਰ ਦੇ ਖਿਲਾਫ ਵੋਟਾਂ ਪਾ ਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਹੈ। ਇਜ਼ ਪ੍ਰਗਟਾਵਾ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਰਨਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਖਜਾਨਚੀ ਅਮਨਦੀਪ ਸ਼ਰਮਾ, ਪ੍ਰੈਸ ਸਕੱਤਰ ਕਰਨੈਲ ਫਿਲੌਰ ਅਤੇ ਸਹਾਇਕ ਪ੍ਰੈਸ ਸਕੱਤਰ ਗਣੇਸ਼ ਭਗਤ ਕਿਹਾ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਮਾਤਰ 3 ਸੀਟਾਂ 'ਤੇ ਸਿਮਟ ਕੇ ਰਹਿ ਗਈ ਹੈ। ਇਨ੍ਹਾਂ ਵੋਟਾਂ ਵਿੱਚ ਪੰਜਾਬ ਦੇ ਲੱਖਾਂ ਪੈਨਸ਼ਨਰਾਂ ਦਾ ਗੁੱਸਾ ਸਾਫ ਝਲਕਦਾ ਹੈ। ਪੰਜਾਬ ਸਰਕਾਰ ਨੇ ਪੈਨਸ਼ਨਰਾਂ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਕਈ ਮੀਟਿੰਗਾਂ ਕੀਤੀਆਂ ਪਰ ਸਰਕਾਰ ਨੇ ਹਮੇਸ਼ਾ ਮੀਟਿੰਗਾਂ ਦਾ ਸਮਾਂ ਦੇ ਕੇ ਵੀ ਭੱਜਦੀ ਰਹੀ। ਜਿਸ ਨਾਲ ਹਮੇਸ਼ਾ ਪੈਨਸ਼ਨਰ ਆਗੂਆਂ ਨਾਲ ਵਾਅਦਾ ਖਿਲਾਫੀ ਕਰਦੀ ਰਹੀ। ਪੰਜਾਬ ਸਰਕਾਰ ਵੱਲੋਂ ਇੱਕ ਅਧੂਰਾ ਨੋਟੀਫਿਕੇਸ਼ਨ ਜਾਰੀ ਕਰ ਕੇ ਪਿਛਲੇ ਡੇਢ ਸਾਲ ਤੋਂ ਮੁਲਾਜ਼ਮਾਂ ਨੂੰ ਧੋਖੇ ਵਿਚ ਰੱਖ ਰਹੀ ਹੈ। ਪੰਜਾਬ ਸਰਕਾਰ ਨੇ ਚੋਣਾ ਦੌਰਾਨ ਆਪਣੀ ਜਾਇਜ ਮੰਗਾਂ ਲਈ ਸੰਘਰਸ਼ ਕਰ ਰਹੇ ਆਗੂਆਂ ਨੂੰ ਉਨ੍ਹਾਂ ਦੇ ਘਰ ਵਿੱਚ ਨਜ਼ਰ ਬੰਦ ਕਰ ਕਰਕੇ ਇਸ ਗੱਲ ਨੂੰ ਸਾਬਤ ਕਰ ਦਿੱਤਾ। ਸਰਕਾਰ ਦਾ ਮੁਲਾਜ਼ਮਾਂ ਪ੍ਰਤੀ ਅੜੀਅਲ ਰੱਵਈਆ ਅਪਨਾਈ ਬੈਠੀ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਜੇ ਪੰਜਾਬ ਸਰਕਾਰ ਭੱਵਿਖ ਵਿੱਚ ਮੁਲਾਜ਼ਮਾਂ ਦੇ ਪ੍ਰਤੀ ਅੜੀਅਲ ਰੱਵਈਆ ਛੱਡ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਦਾ ਯਤਨ ਕਰੇ। ਜੇਕਰ ਪੰਜਾਬ ਸਰਕਾਰ ਆਉਣ ਵਾਲੇ ਸਮੇਂ ਵਿੱਚ ਮੁਲਾਜ਼ਮਾਂ ਦੀ ਮੰਗ ਨੂੰ ਹੱਲ ਨਾ ਕੀਤਾ ਤਾਂ ਪੰਜਾਬ ਦੇ ਮਹੀਨੇ ਬਾਅਦ ਹੋਣ ਵਾਲੀਆਂ 5 ਜ਼ਿਮਨੀ ਚੋਣਾਂ ਵਿੱਚ ਪੰਜਾਬ ਦੇ ਮੁਲਾਜ਼ਮਾਂ ਆਕ੍ਰੋਸ਼ ਦਾ ਸਾਹਮਣਾ ਕਰਨਾ ਪਵੇਗਾ।

ਬਹਿਰਾਮ ਵਿਖੇ ਠੰਢੇ ਦੀਆਂ ਬੰਦ ਬੋਤਲਾਂ ਦੀ ਛਬੀਲ ਹੈਰੀ ਅਟਵਾਲ, ਬਲਰਾਜ ਅਟਵਾਲ, ਸੁੱਖਾ ਨਾਗਰਾ,ਗਿੰਦਾ ਤੇ ਹਿੰਦਾ ਰੰਧਾਵਾ ਦੇ ਸਹਿਯੋਗ ਨਾਲ ਲਗਾਈ। ਇਸ ਮੌਕੇ ਕਾਕਾ ਥਾਪਰ,ਗਿੰਦੀ ਭੁੱਟਾ,ਰਾਜਵੀਰ,ਜੱਸੀ,ਰਾਹੁਲ,ਮਨ, ਰੋਹਿਤ, ਅਕਾਸ਼, ਯੁਵੀ ਆਦਿ ਹਾਜ਼ਰ ਸਨ। (ਫੋਟੋ ਤੇ ਵੇਰਵਾ ਬੰਗਾ ਅਵਤਾਰ ਕਲੇਰ)

ਚਰਨਜੀਤ ਸਿੰਘ ਚੰਨੀ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸ ਉਮੀਦਵਾਰ ਚਰਨਜੀਤ ਸਿੰਘ ਚੰਨੀ ਸਾਬਕ